MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 10 ISSUE : 44 SATURDAY, 29 OCTOBER, 2022

www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਡੱਗ ਮੈਕਲਮ ਨੇ ਹਾਰ ਕਬੂਲੀ-ਸੇਫ ਸਰੀ ਨੇ ਵੋਟਾਂ ਦੀ ਦੁਬਾਰਾ ਗਿਣਤੀ ਦੀ ਮੰਗ ਛੱਡੀ



ਸਰੀ-ਮੈਕਲਮ ਦੀ ਪਾਰਟੀ ਨੇ ਇਕ ਬਿਆਨ ਵਿਚ ਕਿਹਾ ਕਿ ਉਹਨਾਂ ਵੋਟਾਂ ਦੀ ਨਵੇਂ ਸਿਰਿਓਂ ਗਿਣਤੀ ਦੀ ਮੰਗ ਛੱਡ ਦਿੱਤੀ ਹੈ। ਅਹੁਦੇ ਤੋਂ ਹਟ ਰਹੇ ਮੇਅਰ ਡੱਗ ਮੈਕਲਮ ਸਨਿਚਰਵਾਰ ਦੀਆਂ ਮਿਉਂਸਪਲ ਚੋਣਾਂ ਵਿਚ ਬਰੈਂਡਾ ਲੌਕ ਤੋਂ 973 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਬਿਆਨ ਵਿਚ ਕਿਹਾ ਗਿਆ ਕਿ ਨਿਆਂਇਕ ਮੁੜ ਗਿਣਤੀ ਲਈ ਲੋਕਲ ਇਲੈਕਸ਼ਨ ਐਕਟ ਸੈਕਸ਼ਨ 148 ਦੀ ਸਾਡੇ ਕਾਨੂੰਨੀ ਸਲਾਹਕਾਰਾਂ ਵਲੋਂ ਹੋਰ ਸਮੀਖਿਆ ਕਰਨ ਪਿੱਛੋਂ ਸਰੀ ਸੇਫ ਕੁਲੀਸ਼ਨ ਨੇ ਨਿਆਂਇਕ ਮੁੜ ਗਿਣਤੀ 'ਤੇ ਜ਼ੋਰ ਨਾ ਦੇਣ ਦਾ ਫ਼ੈਸਲਾ ਕੀਤਾ ਹੈ।ਅਸਲ ਵਿਚ ਮੈਕਲਮ ਨੇ ਸਨਿਚਰਵਾਰ ਰਾਤ ਆਪਣੇ ਭਾਸ਼ਣ ਵਿਚ ਲੌਕ ਤੋਂ ਹਾਰ ਸਵੀਕਾਰ ਕਰ ਲਈ ਸੀ ਪਰ ਇਕ ਦਿਨ ਪਿੱਛੋਂ ਉਸ ਨੇ ਇਕ ਹੋਰ ਬਿਆਨ ਵਿਚ ਕਿਹਾ ਕਿ ਉਹ ਹਾਰ ਸਵੀਕਾਰ ਨਹੀਂ ਕਰ ਰਹੇ ਕਿਉਂਕਿ ਵੋਟਾਂ ਦਾ ਫਰਕ 1000 ਤੋਂ ਵੀ ਘੱਟ ਹੈ। ਹੁਣ ਇਕ ਰਾਜਨੀਤਕ ਮਾਹਿਰ ਨੇ ਕਿਹਾ ਕਿ ਜਿੱਤ ਦਾ ਫਰਕ ਤੇ ਨਿਆਂਇਕ ਦੁਬਾਰਾ ਗਿਣਤੀ ਸ਼ੁਰੂ ਕਰਨ ਲਈ ਲੋੜੀਂਦੇ ਸਬੂਤਾਂ ਨੂੰ ਦੇਖਦੇ ਹੋਏ ਦੁਬਾਰਾ ਗਿਣਤੀ ਵਿਚ ਸਫਲਤਾ ਦੀ ਸੰਭਾਵਨਾ ਬਹੁਤ ਘੱਟ ਹੈ।

# ਜਗਮੀਤ ਸਿੰਘ ਵਲੋਂ ਵਿਆਜ਼ ਦਰਾਂ 'ਚ ਵਾਧੇ ਦੀ ਆਲੋਚਨਾ

## ਵਿਤ ਮੰਤਰੀ ਫ੍ਰੀਲੈਂਡ ਵਲੋਂ ਬੈਂਕ ਆਫ ਕੈਨੇਡਾ ਦੀ ਸੁਤੰਤਰਤਾ 'ਤੇ ਜ਼ੋਰ

ਓਟਵਾ-ਹੁਣ ਜਦੋਂ ਇਕ ਵਾਰ ਫਿਰ ਬੈਂਕ ਆਫ ਕੈਨੇਡਾ ਵਲੋਂ ਵਿਆਜ ਦਰਾਂ ਵਿਚ ਵਾਧਾ ਕੀਤਾ ਗਿਆ ਹੈ ਤਾਂ ਫੈਡਰਲ ਐਨ ਡੀ ਪੀ ਨੇਤਾ ਜਗਮੀਤ ਸਿੰਘ ਵਲੋਂ ਆਲੋਚਨਾ ਕੀਤੇ ਜਾਣ ਪਿੱਛੋਂ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਬੈਂਕ ਆਫ ਕੈਨੇਡਾ ਦੀ ਸੁਤੰਤਰਤਾ 'ਤੇ ਜ਼ੋਰ ਦਿੱਤਾ ਹੈ। ਸਿੰਘ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਕ ਪੱਤਰ ਭੇਜ ਕੇ ਚਿਤਾਵਨੀ ਦਿੱਤੀ ਹੈ ਕਿ ਵਿਆਜ ਦਰਾਂ ਵਿਚ ਇਕ ਵਾਰ ਫਿਰ ਵਾਧੇ ਨਾਲ ਪਰਿਵਾਰਾਂ 'ਤੇ ਗੰਭੀਰ ਅਸਰ ਪਵੇਗਾ ਕਿਉਂਕਿ ਮੰਦੀ ਦਾ ਡਰ ਵਧ ਰਿਹਾ ਹੈ। ਦਹਾਕਿਆਂ ਵਿਚ ਸਭ ਤੋਂ ਜ਼ਿਆਦਾ ਮਹਿੰਗਾਈ ਨੂੰ ਠੱਲ ਪਾਉਣ ਦੀ ਕੋਸ਼ਿਸ਼ ਵਿਚ ਬੁੱਧਵਾਰ ਨੂੰ ਸੈਂਟਰਲ ਬੈਂਕ ਵਲੋਂ ਵਿਆਜ ਦਰ ਅੱਧਾ ਫ਼ੀਸਦੀ ਵਾਧਾ ਕੀਤਾ ਗਿਆ ਹੈ। ਇਹ ਇਸ ਸਾਲ ਵਿਚ ਛੇਵਾਂ ਲਗਾਤਾਰ ਵਾਧਾ ਹੈ। ਜਦੋਂ ਪੱਤਰਕਾਰਾਂ ਵਲੋਂ ਪੁੱਛਿਆ ਗਿਆ ਕਿ ਉਹ ਸਿੰਘ ਦੇ ਪੱਤਰ ਬਾਰੇ ਕੀ ਸੋਚਦੀ ਹੈ ਤਾਂ ਫ੍ਰੀਲੈਂਡ ਨੇ ਸਵੀਕਾਰ ਕੀਤਾ ਕਿ ਕੈਨੇਡਾ ਵਾਸੀਆਂ ਨੂੰ ਆਰਥਿਕ ਦਰਦ ਮਹਿਸੂਸ ਹੋ ਰਿਹਾ ਹੈ ਪਰ ਕਿਹਾ ਕਿ ਚੁਣੌਤੀਪੂਰਨ ਆਰਥਿਕ ਸਮਿਆਂ ਦੌਰਾਨ ਸੰਸਥਾਗਤ ਸਥਿਰਤਾ ਮਹੱਤਵਪੂਰਣ ਹੈ ਅਤੇ ਬੈਂਕ ਆਫ ਕੈਨੇਡਾ ਦੀ ਸੁਤੰਤਰਤਾ ਸਥਿਰਤਾ ਨੂੰ ਯਕੀਨੀ ਬਣਾਉਣ ਵਿਚ ਮਹੱਤਵਪੂਰਣ ਭੂਮਿਕਾ ਨਿਭਾ ਸਕਦੀ ਹੈ। ਫ੍ਰੀਲੈਂਡ ਨੇ ਕਿਹਾ ਕਿ ਸਾਡੀ ਸਰਕਾਰ ਬੈਂਕ ਆਫ ਕੈਨੇਡਾ ਦੀ ਸੁਤੰਤਰਤਾ ਦਾ ਬਹੁਤ ਸਤਿਕਾਰ ਕਰਦੀ ਹੈ ਪਰ ਉਨ੍ਹਾਂ ਸਵੀਕਾਰ ਕੀਤਾ ਕਿ ਕੈਨੇਡੀਅਨ ਜ਼ਿਆਦਾ ਮਹਿੰਗਾਈ ਤੇ ਵਧ ਰਹੀਆਂ ਵਿਆਜ ਦਰਾਂ ਦਰਮਿਆਨ ਔਖੀਆਂ ਆਰਥਿਕ ਹਾਲਤਾਂ ਦਾ ਸਾਹਮਣਾ ਕਰ ਰਹੇ ਹਨ। ਮਹਿੰਗਾਈ ਬਹੁਤ ਜ਼ਿਆਦਾ ਹੈ। ਫ੍ਰੀਲੈਂਡ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਸੱਚਮੁੱਚ ਔਖੀ ਹੈ ਅਤੇ ਵਧ ਰਹੀਆਂ ਵਿਆਜ ਦਰਾਂ ਚੁਣੌਤੀਆਂ ਦਾ ਇਕ ਹੋਰ ਸਮੂਹ ਪੇਸ਼ ਕਰ ਰਹੀਆਂ ਹਨ। ਆਪਣੇ ਪੱਤਰ ਵਿਚ ਸਿੰਘ ਨੇ ਬੈਂਕ ਆਫ ਕੈਨੇਡਾ ਦੀ ਸੁਤੰਤਰਤਾ ਦੇ ਸਮਰਥਨ ਦੀ ਪੁਸ਼ਟੀ ਕੀਤੀ ਹੈ ਅਤੇ ਸਵੀਕਾਰ ਕੀਤਾ ਕਿ ਬੈਂਕ ਵਿਆਜ ਦਰਾਂ ਵਿਚ ਵਾਧਾ ਕਰਕੇ ਆਪਣੇ ਆਦੇਸ਼ ਦੀ ਪਾਲਣਾ ਕਰ ਰਹੀ ਹੈ ਪਰ ਚਿਤਾਵਨੀ ਦਿੱਤੀ ਕਿ ਵਿਆਜ ਦਰਾਂ ਵਿਚ ਜ਼ਿਆਦਾ ਵਾਧਾ ਕਾਮਿਆਂ ਨੂੰ ਨੁਕਸਾਨ ਪਹੁੰਚਾਵੇਗਾ। ਉਨ੍ਹਾਂ ਅਰਥ ਸ਼ਾਸਤਰੀਆਂ ਦੀ ਗਿਣਤੀ ਵਧ ਰਹੀ ਹੈ ਜਿਹੜੇ ਇਹ ਪੇਸ਼ੀਨਗੋਈ ਕਰ ਰਹੇ ਹਨ ਕਿ ਕੈਨੇਡਾ 2023 ਵਿਚ ਮੰਦੀ 'ਚ ਦਾਖਲ ਹੋ ਜਾਵੇਗਾ ਕਿਉਂਕਿ ਉੱਚ ਵਿਆਜ ਦਰਾਂ ਦਾ ਪ੍ਰਭਾਵ ਸਮੁੱਚੀ ਆਰਥਿਕਤਾ 'ਤੇ ਪੈਂਦਾ ਹੈ। ਮਾਰਚ ਮਹੀਨੇ ਤੋਂ ਬੈਂਕ ਆਫ ਕੈਨੇਡਾ ਨੇ ਆਪਣੀਆਂ ਵਿਆਜ ਦਰਾਂ 0.25 ਤੋਂ 3.25 ਫ਼ੀਸਦੀ ਤਕ ਵਧਾਈਆਂ ਹਨ। ਕੈਨੇਡੀਅਨ ਲੇਬਰ ਕਾਂਗਰਸ ਦੇ ਸਹਿਯੋਗ ਨਾਲ ਸੈਂਟਰ ਫਾਰ ਫਿਊਚਰ ਵਰਕ ਨੇ ਇਕ ਨਵੀਂ ਰਿਪੋਰਟ ਵਿਚ ਬੈਂਕ ਆਫ ਕੈਨੇਡਾ ਨੂੰ ਕਿਹਾ ਕਿ ਉਹ ਵਿਆਜ ਦਰਾਂ ਵਿਚ ਵਾਧਾ ਉਸ ਸਮੇਂ ਤਕ ਰੋਕ ਦੇਵੇ ਜਦੋਂ ਤਕ ਉਹ ਆਰਥਿਕਤਾ 'ਤੇ ਪਿਛਲੀਆਂ ਵਿਆਜ ਦਰਾਂ ਵਿਚ ਵਾਧੇ ਦਾ ਪ੍ਰਭਾਵ ਦਾ ਮੁਲਾਂਕਣ ਨਹੀਂ ਕਰ ਲੈਂਦੀ।




For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਟੁਟ ਗਏ ਹਨ ਉਨ੍ਹਾਂ ਨੂੰ ਠੀਕ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਊ
Lakhvir Singh Grewal: 778-881-0002

S T & A Simpson, Thomas & Associates
TRIAL LAWYERS

“Simpson, Thomas & Associates are a legal dream team. No other law firm could have fought this claim as it takes a lot of resources to fight a case of this nature.”

– Former client commenting on the Jago wedding tragedy

# B.C.’s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

“Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved.”

– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

### Translation Services Available

STA has support staff fluent in Punjabi, Hindi and Gujarati.

### Your Needs Come First

If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**“We have offices in Vancouver and Surrey/Delta.”**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 44 SATURDAY, 29 OCTOBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ 6.00am to 8:00am
ਕੁੱਝ ਖਬਰਾਂ ਕੁੱਝ ਗੀਤ 12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਰਿਸ਼ੀ ਸੂਨਕ ਨੇ ਬਰਤਾਨੀਆ ਦੇ ਪਹਿਲੇ ਗੈਰ ਗੋਰੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ

## ਕਿੰਗ ਚਾਰਲਸ ਨਾਲ ਮੁਲਾਕਾਤ ਉਪਰੰਤ ਕੈਬਨਿਟ ਦਾ ਗਠਨ-ਮੁਲਕ ਨੂੰ ਆਰਥਿਕ ਸੰਕਟ 'ਚੋਂ ਕੱਢਣ ਦਾ ਅਹਿਦ

ਲੰਡਨ-ਕੰਜ਼ਰਵੇਟਿਵ ਪਾਰਟੀ ਦੇ ਨਵੇਂ ਆਗੂ ਰਿਸ਼ੀ ਸੂਨਕ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। ਉਹ ਬਰਤਾਨੀਆ ਦੇ ਭਾਰਤੀ ਮੂਲ ਦੇ ਪਹਿਲੇ ਪ੍ਰਧਾਨ ਮੰਤਰੀ ਹਨ। ਅਹੁਦਾ ਸੰਭਾਲਣ ਤੋਂ ਪਹਿਲਾਂ ਸੂਨਕ ਨੇ ਬਰਤਾਨੀਆ ਦੇ ਸਮਰਾਟ ਚਾਰਲਸ ਨਾਲ ਰਸਮੀ ਮੁਲਾਕਾਤ ਵੀ ਕੀਤੀ। ਉਧਰ ਅਹੁਦਾ ਛੱਡ ਰਹੀ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਬਕਿੰਘਮ ਪੈਲੇਸ ਜਾ ਕੇ ਆਪਣਾ ਅਸਤੀਫ਼ਾ ਸਮਰਾਟ ਨੂੰ ਸੌਂਪਣ ਤੋਂ ਪਹਿਲਾਂ ਸਵੇਰੇ 10 ਡਾਊਨਿੰਗ ਸਟਰੀਟ ਵਿੱਚ ਆਪਣੀ ਆਖਰੀ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕੀਤੀ। ਟਰੱਸ ਨੇ ਆਪਣੀ ਅਧਿਕਾਰਤ ਰਿਹਾਇਸ਼ ਦੇ ਬਾਹਰ ਆਖਰੀ ਸੰਬੋਧਨ ਵਿੱਚ ਸੂਨਕ ਨੂੰ ਸ਼ੁਭ ਕਾਮਨਾਵਾਂ ਵੀ ਦਿੱਤੀਆਂ। ਉਧਰ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਟਵੀਟ ਕਰਕੇ ਸੂਨਕ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੱਤੀ। ਅਹੁਦਾ ਸੰਭਾਲਣ ਤੋਂ ਫੌਰੀ ਮਗਰੋਂ ਸੂਨਕ ਨੇ ਆਪਣੀ ਕੈਬਨਿਟ ਨੂੰ ਅੰਤਿਮ ਰੂਪ ਦੇਣ ਲਈ ਮੀਟਿੰਗਾਂ ਵੀ ਕੀਤੀਆਂ। ਇਸ ਤੋਂ ਪਹਿਲਾਂ ਪੈਲੇਸ 'ਚੋਂ ਟਰੱਸ ਦੀ ਰਵਾਨਗੀ ਮਗਰੋਂ ਸੂਨਕ ਉਥੇ ਪੁੱਜੇ ਤੇ ਉਨ੍ਹਾਂ ਸਮਰਾਟ ਨਾਲ ਮੁਲਾਕਾਤ ਕੀਤੀ। ਸਮਰਾਟ ਚਾਰਲਸ ਨੇ ਸੂਨਕ ਨੂੰ ਯੂਕੇ ਦੇ 57ਵੇਂ ਪ੍ਰਧਾਨ ਮੰਤਰੀ ਵਜੋਂ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਪਿਛਲੇ ਛੇ ਹਫ਼ਤਿਆਂ ਵਿੱਚ ਦੂਜੀ ਵਾਰ ਜਦੋਂ ਕਿ ਇਸ ਸਾਲ ਵਿੱਚ ਤੀਜਾ ਮੌਕਾ ਹੈ ਜਦੋਂ ਯੂਕੇ ਨੂੰ ਨਵਾਂ ਪ੍ਰਧਾਨ ਮੰਤਰੀ ਮਿਲਿਆ ਹੈ। 42 ਸਾਲਾ ਸੂਨਕ ਇਸਤੋਂ ਪਹਿਲਾਂ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੀ ਸਰਕਾਰ ਵਿੱਚ ਵਿੱਤ ਮੰਤਰੀ



ਸਨ। ਸੂਨਕ, ਜੋ ਹਿੰਦੂ ਧਰਮ ਨਾਲ ਸਬੰਧ ਰੱਖਦੇ ਹਨ, ਪਿਛਲੇ 210 ਸਾਲਾਂ ਵਿੱਚ ਬਰਤਾਨੀਆ ਦੇ ਸਭ ਤੋਂ ਛੋਟੀ ਉਮਰ ਦੇ ਪ੍ਰਧਾਨ ਮੰਤਰੀ ਹਨ। ਉਹ ਦੇਸ਼ ਦੇ ਪਹਿਲੇ ਹਿੰਦੂ ਪ੍ਰਧਾਨ ਮੰਤਰੀ ਵੀ ਹਨ। ਸੂਨਕ ਨੇ ਸੋਮਵਾਰ ਨੂੰ ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਮਨੋਨੀਤ ਕੀਤੇ ਜਾਣ ਮਗਰੋਂ ਆਪਣੇ ਪਲੇਠੇ ਸੰਬੋਧਨ ਵਿੱਚ ਕਿਹਾ ਸੀ, "ਯੂਕੇ ਮਹਾਨ ਦੇਸ਼ ਹੈ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਨੂੰ ਵੱਡੀ ਆਰਥਿਕ ਚੁਣੌਤੀ ਦਰਪੇਸ਼ ਹੈ। ਸਾਨੂੰ ਹੁਣ ਸਥਿਰਤਾ ਤੇ ਇਕਜੁੱਟਤਾ ਦੀ ਲੋੜ ਹੈ ਅਤੇ ਮੈਂ ਆਪਣੀ ਪਾਰਟੀ ਤੇ ਆਪਣੇ ਮੁਲਕ ਨੂੰ ਇਕਜੁੱਟ ਕਰਨ ਨੂੰ ਆਪਣੀ ਸਿਖਰਲੀ ਤਰਜੀਹ ਬਣਾਵਾਂਗਾ; ਕਿਉਂਕਿ ਇਹੀ ਇਕ ਤਰੀਕਾ ਹੈ, ਜਿਸ ਨਾਲ ਅਸੀਂ ਸਾਨੂੰ ਦਰਪੇਸ਼ ਚੁਣੌਤੀਆਂ ਦੇ ਟਾਕਰੇ ਦੇ ਨਾਲ ਆਪਣੇ ਬੱਚਿਆਂ ਤੇ ਅੱਗੋ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਵਧੇਰੇ ਖ਼ੁਸ਼ਹਾਲ ਤੇ ਬਿਹਤਰ ਬਣਾ ਸਕਦੇ ਹਾਂ।" ਦੀਵਾਲੀ ਮੌਕੇ ਸੂਨਕ ਦੀ ਜਿੱਤ ਯੂਕੇ ਵਿੱਚ ਰਹਿੰਦੇ ਭਾਰਤੀ ਪਰਵਾਸੀ ਭਾਈਚਾਰੇ ਲਈ ਵੀ ਖਾਸ ਹੈ, ਜਿਨ੍ਹਾਂ ਇਸ ਨੂੰ ਬਰਤਾਨਵੀ ਸਮਾਜ ਦੇ ਇਤਿਹਾਸ ਦਾ 'ਇਤਿਹਾਸਕ ਪਲ' ਕਰਾਰ ਦਿੱਤਾ ਹੈ। ਰਿਸ਼ੀ ਸੂਨਕ ਦਾ ਜਨਮ 1980 ਵਿੱਚ ਸਾਊਥੈਂਪਟਨ ਵਿੱਚ ਹੋਇਆ ਸੀ। ਪਹਿਲਾਂ ਜੌਹਨਸਨ ਤੇ ਫਿਰ ਟਰੱਸ ਵੱਲੋਂ ਅਸਤੀਫ਼ਾ ਦੇਣ ਦੇ ਕੀਤੇ ਐਲਾਨ ਮਗਰੋਂ ਭਾਰਤੀ ਮੂਲ ਦੇ ਸੂਨਕ ਇਸ ਦੌੜ ਵਿੱਚ ਮੋਹਰੀ ਸਨ। ਯੂਕੇ ਨੂੰ ਵਿੱਤੀ ਸੰਕਟ 'ਚੋਂ ਬਾਹਰ ਕੱਢਣਾ ਤੇ ਵੰਡੀ ਹੋਈ ਕੰਜ਼ਰਵੇਟਿਵ ਪਾਰਟੀ ਨੂੰ ਇਕਜੁੱਟ ਕਰਨਾ, ਸੂਨਕ ਲਈ ਦੋ ਅਹਿਮ ਚੁਣੌਤੀਆਂ ਹੋਣਗੀਆਂ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services



ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਜਸਟਿਨ ਟਰੂਡੋ ਦੇ ਪਰਿਵਾਰ ਦਾ ਗਰੌਸਰੀ ਖਰਚਾ ਹੈ 55000 ਡਾਲਰ




ਓਟਵਾ-ਟਰੂਡੋ ਪਰਿਵਾਰ ਦਾ ਪ੍ਰਤੀ ਸਾਲ ਲਗਪਗ 55000 ਡਾਲਰ ਦਾ ਗਰੌਸਰੀ ਬਜਟ ਹੈ ਜਿਸ ਵਿਚ ਸਤੰਬਰ 2020 ਤੋਂ ਫਲੋਅ ਵਾਟਰ ਬਾਕਸ ਲਈ ਖਰਚ ਕੀਤੇ 1084 ਡਾਲਰ ਵੀ ਸ਼ਾਮਿਲ ਹਨ। ਇਹ ਸਾਰਾ ਪੈਸਾ ਕਰਦਾਤਾਵਾਂ ਦਾ ਹੁੰਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪ੍ਰਤੀ ਸਾਲ ਇਕ ਉਤਪਾਦ ਲਈ ਮੋਟੇ ਤੌਰ 'ਤੇ 500 ਡਾਲਰ ਖਰਚ ਕਰ ਰਹੇ ਹਨ ਜਿਸ ਦਾ ਉਸ ਨੇ 'ਡਰਿੰਕ ਬੌਕਸ ਵਾਟਰ ਬੋਤਲ ਸੋਰਟਾ ਥਿੰਗ ਵਜੋਂ ਜ਼ਿਕਰ ਕੀਤਾ ਸੀ। ਇਹ ਦੋਸ਼ ਕੈਨੇਡੀਅਨ ਟੈਕਸਪੇਅਰਜ਼ ਫੈਡਰੇਸ਼ਨ ਵਲੋਂ ਹਾਸਲ ਕੀਤੇ ਪ੍ਰਧਾਨ ਮੰਤਰੀ ਦੇ ਘਰੇਲੂ ਖਰਚਿਆਂ ਦੇ ਵਿਆਪਕ ਖੁਲਾਸੇ ਵਿਚ ਸ਼ਾਮਿਲ ਹੈ। ਟਰੂਡੋ ਦੇ ਪੰਜ ਮੈਂਬਰਾਂ ਦੇ ਪਰਿਵਾਰ ਦਾ ਸਾਲਾਨਾ ਗਰੌਸਰੀ ਬਜਟ 55000 ਡਾਲਰ ਹੈ ਜਾਂ ਲਗਪਗ 28 ਡਾਲਰ ਪ੍ਰਤੀ ਟਰੂਡੋ , ਪ੍ਰਤੀ ਦਿਨ। ਇਹ ਸਭ ਕੁਝ ਟਰੂਡੋ ਤੋਂ ਪਹਿਲੇ ਪ੍ਰਧਾਨ ਮੰਤਰੀ ਦੇ ਗਰੌਸਰੀ ਬਜਟ ਤੋਂ ਵੱਖ ਨਹੀਂ। ਕੰਸਰਵੇਟਿਵ ਨੇਤਾ ਸਟੀਫਨ ਹਾਰਪਰ ਦਾ ਸਾਲਾਨਾ ਪਰਿਵਾਰਕ ਗਰੌਸਰੀ ਬਜਟ ਲਗਪਗ 52218 ਡਾਲਰ ਸੀ ਪਰ ਹਾਰਪਰ ਦੇ ਗਰੌਸਰੀ ਬਜਟ ਵਿਚ ਫਲੋ ਬਾਕਸ ਵਾਲੇ ਪਾਣੀ ਦੀ ਰੈਗੂਲਰ ਬਲਕ ਸ਼ਿਪਮੈਂਟ ਸ਼ਾਮਿਲ ਨਹੀਂ ਸੀ।

# ਨਵੀਂ ਮੇਅਰ ਨਾਲ ਕੀ ਹੈ ਸਰੀ ਪੁਲਿਸ ਸਰਵਿਸ ਦਾ ਭਵਿੱਖ ?

ਸਰੀ-ਆਰਸੀਐਮਪੀ ਤੋਂ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਰੋਕਣ ਦੇ ਵਾਅਦੇ ਨਾਲ ਨਵੀਂ ਮੇਅਰ ਨੇ ਆਪਣੀ ਜਿੱਤ ਦਰਜ ਕੀਤੀ ਪਰ ਹੁਣ ਐਸਪੀਐਸ ਅੱਗੇ ਕਿਵੇਂ ਵਧੇਗੀ। ਸਰੀ ਪੁਲਿਸ ਸਰਵਿਸ ਦੇ ਬੋਰਡ ਦੀ ਬੁੱਧਵਾਰ ਨੂੰ ਮੀਟਿੰਗ ਹੋਈ। ਬਰੈਂਡਾ ਲੋਕ ਦੇ ਸਰੀ ਦਾ ਨਵਾਂ ਮੇਅਰ ਚੁਣੇ ਜਾਣ ਪਿੱਛੋਂ ਇਹ ਇਸ ਦੀ ਪਹਿਲੀ ਮੀਟਿੰਗ ਹੈ। ਲੋਕ ਨੇ ਡੱਗ ਮੈਕਲਮ ਦੇ ਖਿਲਾਫ ਜਿੱਤ ਹਾਸਲ ਕੀਤੀ ਸੀ। ਲੋਕ ਨੇ ਸਰੀ ਆਰਸੀਐਮਪੀ ਤੋਂ ਟਰਾਂਜ਼ੀਸ਼ਨ ਨੂੰ ਰੋਕਣ ਦਾ ਵਾਅਦਾ ਕੀਤਾ ਹੈ ਜਿਸ ਨਾਲ ਨਵੀਂ ਪੁਲਿਸ ਫੋਰਸ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਅੱਧ ਵਿਚਕਾਰ ਲਟਕ ਜਾਣਗੀਆਂ। ਨਵਾਂ ਪੁਲਿਸ ਵਿਭਾਗ ਪਹਿਲਾਂ ਹੀ ਚੀਫ ਕੰਸਟੇਬਲ ਨੌਰਮ ਲਿਪਿੰਸਕੀ ਅਤੇ ਕਈ ਹੋਰ ਸਟਾਫ ਭਰਤੀ ਕਰ ਚੁੱਕਾ ਹੈ ਜਿਹੜੇ ਆਰਸੀਐਮਪੀ ਦੇ ਨਾਲ ਸੰਚਾਲਨ ਤਰੀਕੇ ਨਾਲ ਕੰਮ ਕਰ ਰਹੇ ਹਨ। ਸਰੀ ਪੁਲਿਸ ਨੇ ਕਿਹਾ ਕਿ ਸਤੰਬਰ ਦੇ ਅਖੀਰ ਵਿਚ ਜਾਰੀ ਤਾਜ਼ਾ ਬਜਟ ਅਪਡੇਟ ਮੁਤਾਬਿਕ ਇਸ ਸਾਲ ਹੁਣ ਤਕ






30 ਮਿਲੀਅਨ ਡਾਲਰ ਤਨਖਾਹਾਂ ਤੇ ਲਾਭਾਂ 'ਤੇ ਖਰਚ ਕੀਤੇ ਜਾ ਚੁੱਕੇ ਹਨ ਅਤੇ 12.5 ਮਿਲੀਅਨ ਡਾਲਰ ਹੋਰ ਲੋਅਰ ਮੇਨਲੈਂਡ ਵਿਚ ਇੰਟੀਗ੍ਰੇਟਿਡ ਪੁਲਿਸ ਟੀਮਾਂ ਨਾਲ ਕੰਮ ਕਰਨ ਲਈ ਰੱਖੇ ਗਏ ਹਨ। 2022 ਲਈ ਸਰੀ ਪੁਲਿਸ ਸਰਵਿਸ ਦਾ ਕੁਲ ਬਜਟ 75 ਮਿਲੀਅਨ ਡਾਲਰ ਤੋਂ ਥੋੜਾ ਘੱਟ ਹੈ ਜਿਸ ਵਿਚ ਆਰਸੀਐਮਪੀ ਦੀ 4.2 ਮਿਲੀਅਨ ਡਾਲਰ ਦੀ ਸਬਸਿਡੀ ਸ਼ਾਮਿਲ ਨਹੀਂ ਕਿਉਂਕਿ ਇਕਰਾਰਨਾਮਾ ਤਬਦੀਲੀ ਦੌਰਾਨ ਚਾਲੂ ਰਹਿੰਦਾ ਹੈ। ਟਰਾਂਜ਼ੀਸ਼ਨ ਖੁਦ ਵੀ ਕਾਫੀ ਮਹਿੰਗੀ ਹੈ। ਪਿਛਲੇ ਸਾਲ ਤਕ ਸਰੀ ਪੁਲਿਸ ਸਰਵਿਸ ਨੇ ਆਰਸੀਐਮਪੀ ਤੋਂ ਟਰਾਂਜ਼ੀਸ਼ਨ ਦੇ ਖਰਚ ਲਈ 43 ਮਿਲੀਅਨ ਡਾਲਰ ਰੱਖੇ ਸਨ ਜਿਸ ਵਿਚੋਂ 2022 ਵਿਚ 28.1 ਮਿਲੀਅਨ ਡਾਲਰ ਖਰਚੇ ਜਾ ਚੁੱਕੇ ਹਨ। 2022 ਲਈ 5.4 ਮਿਲੀਅਨ ਡਾਲਰ ਦਾ ਹੋਰ ਬਜਟ ਰੱਖਿਆ ਹੈ ਜਿਸ ਦਾ ਮਤਲਬ ਇਸ ਸਾਲ ਖਰਚ ਲਈ 33.5 ਮਿਲੀਅਨ ਡਾਲਰ ਉਪਲਬਧ ਹੋਣਗੇ।

# ਲਗਪਗ ਅੱਧੇ ਕੈਨੇਡੀਅਨ ਮਰਦਾਂ ਨੂੰ ਡਿਪਰੈਸ਼ਨ ਹੋਣ ਦਾ ਖ਼ਤਰਾ

ਓਟਵਾ-ਯੂਬੀਸੀ ਦੀ ਅਗਵਾਈ ਵਿਚ ਕੀਤੇ ਗਏ ਇਕ ਅਧਿਐਨ ਵਿਚ ਪਾਇਆ ਗਿਆ ਕਿ ਲਗਪਗ ਅੱਧੇ ਕੈਨੇਡੀਅਨ ਮਰਦਾਂ ਨੂੰ ਡਿਪਰੈਸ਼ਨ ਹੋਣ ਦਾ ਖ਼ਤਰਾ ਹੈ। ਯੂਬੀਸੀ ਵਿਖੇ ਮਨੋ-ਚਿਕਸਤਾ ਦੇ ਮੁਖੀ ਤੇ ਅਧਿਐਨ ਦੀ ਅਗਵਾਈ ਕਰਨ ਵਾਲੇ ਡਾਕਟਰ ਜੌਹਨ ਓਗਰੋਡਨਿਕਜ਼ੁਕ ਨੇ ਕਿਹਾ ਕਿ ਇਹ ਇਕ ਗੰਭੀਰ ਜਨਤਕ ਸਿਹਤ ਸੰਕਟ ਹੈ। ਬੀਸੀ ਦੀ ਕਮਿਊਨਿਟੀ ਸੇਵਿੰਗਸ ਕਰੈਡਿਟ ਯੂਨੀਅਨ ਨੇ ਸਰਵੇਖਣ ਜਿਹੜਾ ਜੂਨ 2021 ਤੇ ਫਰਵਰੀ 2022 ਵਿਚਕਾਰ ਕੀਤਾ ਗਿਆ ਨੂੰ ਸਪਾਂਸਰ ਕੀਤਾ ਸੀ। ਸਰਵੇਖਣ ਵਿਚ 1450 ਵਿਅਕਤੀਆਂ ਤੋਂ ਸਵਾਲ ਪੁੱਛੇ ਗਏ ਸਨ। ਇਨ੍ਹਾਂ ਸਵਾਲਾਂ ਦੇ ਜਵਾਬ ਤੋਂ ਪਤਾ ਲਗਦਾ



ਹੈ ਕਿ ਲਗਪਗ ਅੱਧੇ ਉੱਤਰਦਾਤਾ ਵੱਡੇ ਡਿਪਰੈਸ਼ਨ ਦੀ ਸੰਭਾਵਨਾ ਦੇ ਪੱਧਰ ਤੋਂ ਥੋੜਾ ਉੱਪਰ ਸਨ ਜੋ ਖੁਦਕੁਸ਼ੀ ਲਈ ਸਭ ਤੋਂ ਮਜ਼ਬੂਤ ਖ਼ਤਰਿਆਂ ਵਿਚੋਂ ਇਕ ਹੈ ਜਿਹੜਾ 50 ਸਾਲ ਤੋਂ ਘੱਟ ਉਮਰ ਦੇ ਮਰਦਾਂ ਦੀ ਮੌਤ ਦਾ ਦੂਸਰਾ ਪ੍ਰਮੁੱਖ ਕਾਰਨ ਬਣਿਆਂ ਹੋਇਆ ਹੈ। ਇਕ ਤਿਹਾਈ ਵਿਅਕਤੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਹਫਤੇ ਵਿਚ ਘੱਟੋ ਘੱਟ ਇਕ ਵਾਰ ਆਤਮ ਹੱਤਿਆ ਕਰਨ ਜਾਂ ਆਪਣੇ ਆਪ ਦੇ ਸੱਟ ਮਾਰਨ ਬਾਰੇ ਸੋਚਿਆ ਸੀ ਅਤੇ 55 ਫ਼ੀਸਦੀ ਦਾ ਕਹਿਣਾ ਕਿ ਉਹ ਇਕੱਲਪੁਣਾ ਮਹਿਸੂਸ ਕਰਦੇ ਹਨ। ਕਮਿਊਨਿਟੀ ਸੇਵਿੰਗਸ ਕਰੈਡਿਟ ਯੂਨੀਅਨ ਦੇ ਸੀਈਓ ਮਾਈਕ ਸ਼ਲਿੰਗ ਨੇ ਕਿਹਾ ਕਿ ਕੰਮ ਵਾਲੀਆਂ ਥਾਵਾਂ ਕੰਮ ਦੇ ਸਥਾਨਾਂ ਦੇ ਨਿਯਮਾਂ ਨੂੰ ਰੂਪ ਦੇਣ ਵਿਚ ਭੂਮਿਕਾ ਨਿਭਾ ਸਕਦੀਆਂ ਹਨ। ਸ਼ਲਿੰਗ ਨੇ ਕਿਹਾ ਕਿ ਜੇਕਰ ਅਸੀਂ ਮਾਨਸਿਕ ਸਿਹਤ ਸਮੱਸਿਆਵਾਂ ਨੂੰ ਉਸੇ ਤਰੀਕੇ ਨਾਲ ਦੇਖੀਏ ਜਿਵੇਂ ਤੁਸੀਂ ਟੁੱਟੀਆਂ ਲੱਤਾਂ ਤੇ ਬਾਹਾਂ ਨੂੰ ਦੇਖਦੇ ਹੋ ਤਾਂ ਮੇਰਾ ਖਿਆਲ ਹੈ ਕਿ ਕੋਈ ਵੀ ਸਹੀ ਸੋਚ ਵਾਲਾ ਵਿਅਕਤੀ ਇਸ ਤੋਂ ਬਹੁਤ ਹੈਰਾਨ ਹੋਵੇਗਾ।

# ਅੰਤਰਰਾਸ਼ਟਰੀ ਪ੍ਰਸਿੱਧ ਕਲਾਕਾਰ ਰੋਡਨੀ ਗ੍ਰਾਮ ਦਾ ਦਿਹਾਂਤ

ਵੈਨਕੂਵਰ-ਅੰਤਰਰਾਸ਼ਟਰੀ ਤੌਰ 'ਤੇ ਪ੍ਰਸਿਧ ਕਲਾਕਾਰ ਰੋਡਨੀ ਗ੍ਰਾਹਮ ਦਾ ਦਿਹਾਂਤ ਹੋ ਗਿਆ। ਉਹ 73 ਵਰ੍ਹਿਆਂ ਦੇ ਸਨ। ਉਸ ਦਾ ਸਭ ਤੋਂ ਵੱਧ ਪ੍ਰਸਿਧ 25 ਫੁੱਟ ਉੱਚਾ ਤੇ 14 ਫੁੱਟ ਚੌੜਾ ਗ੍ਰੈਨਵਿਲ ਬਰਿਜ ਹੇਠਾਂ ਬਣਿਆਂ ਸਪਿਨਿੰਗ ਚੈਂਡਲਰ ਹੈ ਜਿਹੜਾ ਦਿਨ ਵਿਚ ਤਿੰਨ ਵਾਰ ਚਮਕਦਾ ਤੇ ਘੁੰਮਦਾ ਹੈ। ਗ੍ਰਾਹਮ ਦੇ ਦਿਹਾਂਤ ਦੀ ਖ਼ਬਰ ਪਿੱਛੋਂ ਵੈਨਕਵੂਰ ਦਾ ਕਲਾ ਜਗਤ ਸੋਗ ਵਿਚ ਡੁੱਬ ਗਿਆ ਹੈ। ਗ੍ਰਾਹਮ ਚੁੱਪ ਚਪੀਤੇ ਕੈਂਸਰ ਨਾਲ ਜੂਝ ਰਿਹਾ ਸੀ। ਉਨ੍ਹਾਂ ਦਾ



ਦਿਹਾਂਤ 22 ਅਕਤੂਬਰ ਨੂੰ ਹੋਇਆ ਤੇ ਉਨ੍ਹਾਂ ਦੀ ਮੌਤ ਸਮੇਂ ਪਰਿਵਾਰਕ ਮੈਂਬਰ ਵੀ ਕੋਲ ਮੌਜੂਦ ਸਨ। ਕਲਾਕਾਰ ਇਆਨ ਵੈਲੇਸ ਜਿਹੜਾ ਉਸ ਨੂੰ 50 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਜਾਣਦਾ ਸੀ ਨੇ ਕਿਹਾ ਕਿ ਉਹ ਕੈਂਸਰ ਨਾਲ ਜੂਝ ਰਿਹਾ ਸੀ ਪਰ ਉਸ ਨੇ ਇਸ ਦੀ ਬਹੁਤੀ ਚਿੰਤਾ ਨਹੀਂਕੀਤੀ। 16 ਜਨਵਰੀ 1949 ਨੂੰ ਐਬਟਸਫੋਰਡ ਵਿਚ ਪੈਦਾ ਹੋਇਆ ਗ੍ਰਾਹਮ ਉਨ੍ਹਾਂ ਕਲਾਕਾਰਾਂ ਵਿਚੋਂ ਇਕ ਸੀ ਜਿਹੜਾ ਕਿਸੇ ਵੀ ਚੀਜ਼ ਵਿਚ ਸਰਬੋਤਮ ਲਗਦਾ ਸੀ। ਉਹ ਬਹੁਤਾ ਫੋਟੋ-ਸੰਕਲਪਵਾਦੀ ਵਜੋਂ ਜਾਣਿਆਂ ਜਾਂਦਾ ਸੀ ਪਰ ਉਹ ਕਲਾ, ਵੀਡੀਓ, ਗ੍ਰਾਫਿਕ ਕਾਲਾ, ਬੁੱਤ ਤੇ ਸੰਗੀਤ ਵਿਚ ਬਰਾਬਰ ਮਾਹਿਰ ਸੀ। ਵੈਲੇਸ ਆਖਦਾ ਹੈ ਕਿ ਉਸ ਦੀਆਂ ਕੋਈ ਸੀਮਾਵਾਂ ਨਹੀਂ ਸਨ। ਉਸ ਨੇ ਉਸ ਕੋਲੋਂ ਬਹੁਤ ਕੁਝ ਸਿੱਖਿਆ ਹੈ।

# ਇੰਡੀਅਨ ਪੈਨਸ਼ਨਰਾਂ ਲਈ ਲਾਈਫ਼ ਸਰਟੀਫਿਕੇਟ ਬਾਰੇ ਸੂਚਨਾ

ਇੰਡੀਅਨ ਪੈਨਸ਼ਨਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੌਂਸਲ ਜਨਰਲ ਆਫ਼ ਇੰਡੀਆ, ਵੈਨਕੂਵਰ ਦੇ ਦਫ਼ਤਰ ਤੋਂ ਅਫ਼ਸਰ ਸਾਹਿਬਾਨ ਲਾਈਫ਼ ਸਰਟੀਫਿਕੇਟਾਂ ਤੇ ਦਸਤਖ਼ਤ ਕਰਨ ਵਾਸਤੇ 6 ਨਵੰਬਰ ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਦੇ ਮਾਧਿਅਮ ਦੁਆਰਾ 13030-76 ਐਵੀਨਿਊ ਰੀਵਰਸਾਈਡ ਸਿਗਨੈਚਰ ਬੈਂਕਿਊਇਟ ਹਾਲ ਸਰੀ ਵਿਖੇ ਪਹੁੰਚ ਰਹੇ ਹਨ। ਲਾਈਫ਼ ਸਰਟੀਫਿਕੇਟ ਦੇ ਖਾਲੀ ਫਾਰਮ ਸੁਸਾਇਟੀ ਦਫ਼ਤਰ ਤੋਂ ਪਹਿਲਾਂ ਹੀ ਲੈ ਕੇ ਘਰ ਤੋਂ ਹੀ ਭਰ ਕੇ ਲਿਆਏ ਜਾ ਸਕਦੇ ਹਨ। ਪਾਸਪੋਰਟ ਅਤੇ ਉਸ ਦੇ ਪਹਿਲੇ ਪੇਜ਼ ਦੀ ਫੋਟੋਕਾਪੀ ਲਿਆਉਣੀ ਲਾਜ਼ਮੀ ਹੋਵੇਗੀ। ਹੋਰ ਜਾਣਕਾਰੀ ਲਈ ਟੈਲੀਫ਼ੋਨ ਨੰਬਰ 604-501-3939 'ਤੇ ਸਵੇਰੇ 10.00 ਵਜੇ ਤੋਂ ਦੁਪਹਿਰ ਬਾਅਦ 1.00 ਵਜੇ ਤੱਕ ਕੈਪਟਨ ਮੋਹਿੰਦਰ ਸਿੰਘ ਜਸਵਾਲ ਨੂੰ ਫ਼ੋਨ ਕਰ ਸਕਦੇ ਹੋ।

JJB
INSURANCE
BBB ACCREDITED BUSINESS
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
| --- | --- | --- | --- |
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

Get your Mortgage approved from the
CANADA'S TOP #26 MORTGAGE BROKER
2022 TOP 75 BROKERS CMP
• Purchase • Renewal • Refinance
• Construction & Farm Mortgages
4.18%* 5 Years Variable Closed
*Conditions Apply.
GET CASH BACK UPTO $3,000*



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative



SHARNJIT GILL, AMP
604 507 1000
SURREY
Unit 244 8138 128 St
www.quickapproval.ca
*Some conditions apply. Valid till 31 August, 2022

# ਫੈਡਰਲ ਸਰਕਾਰ ਵਲੋਂ ਰੋਜਰ-ਸ਼ਾਅ ਦਾ ਪ੍ਰਸਤਾਵਿਤ ਰਲੇਵਾਂ ਰੱਦ

ਓਟਵਾ-ਫੈਡਰਲ ਸਰਕਾਰ ਨੇ ਪ੍ਰਸਤਾਵਤ ਰੋਜਰਸ-ਸ਼ਾਅ ਰਲੇਵੇਂ ਨੂੰ ਰੱਦ ਕਰ ਦਿੱਤਾ ਹੈ ਅਤੇ ਸੋਧੇ ਹੋਏ ਸਮਝੌਤੇ ਲਈ ਰਾਹ ਖੋਲ੍ਹ ਦਿੱਤਾ ਹੈ। ਕਿਊਬੇਕਰ ਇੰਕ ਦੇ ਸੀਈਓ ਪਿਏਰੇ ਕਾਰਲ ਪੇਲਾਡੇਉ ਨੇ ਕਿਹਾ ਕਿ ਉਹ ਵਾਇਰਲੈਸ ਕੈਰੀਅਰ ਫ੍ਰੀਡਮ ਮੋਬਾਈਲ ਦੀ ਵੀਡੀਓਟ੍ਰੋਨ ਨੂੰ ਵਿਕਰੀ ਬਾਰੇ ਫ੍ਰੈਂਕੋਇਸ-ਫਿਲਿਪ ਚੈਂਪੇਜਨੇ ਵਲੋਂ ਰੱਖੀਆਂ ਸ਼ਰਤਾਂ ਨੂੰ ਸਵੀਕਾਰ ਕਰਨ ਦਾ ਇਰਾਦਾ ਰੱਖਦੇ ਹਨ ਜਿਹੜੀ ਰੋਜਰਸ ਕਮਿਊਨੀਕੇਸ਼ਨਸ ਇੰਕ ਤੇ ਸ਼ਾਅ ਕਮਿਊਨੀਕੇਸ਼ਨ ਇੰਕ ਵਿਚਕਾਰ ਪ੍ਰਸਤਾਵਤ 26 ਅਰਬ ਡਾਲਰ ਦੇ ਸਮਝੌਤੇ ਦਾ ਹਿੱਸਾ ਹੈ। ਪੇਲਾਡੇਉ ਨੇ ਇਕ ਬਿਆਨ ਵਿਚ ਕਿਹਾ ਕਿ ਕਿਊਬੇਕੋਰ ਜਿਹੜੀ ਵੀਡੀਓਟ੍ਰੋਨ ਦੀ ਮਾਲਕ ਹੈ ਸਨਅਤ ਮੰਤਰੀ ਦੀਆਂ ਸ਼ਰਤਾਂ ਨੂੰ ਲੈਣ ਦੇਣ ਦੇ ਨਵੇਂ ਸੰਸਕਰਣ ਵਿਚ ਸ਼ਾਮਿਲ ਕਰਨ ਲਈ ਸਹਿਮਤ ਹੈ ਜਿਸ ਨਾਲ ਫ੍ਰੀਡਮ ਦੀ ਵਿਕਰੀ ਦਾ ਰਾਹ ਪੱਧਰਾ ਹੋ ਗਿਆ ਹੈ। ਉਹ ਸਾਡੀ ਵਪਾਰਕ ਫਿਲਾਸਫੀ ਮੁਤਾਬਿਕ ਹੈ ਜਿਹੜੀ ਕਿਊਬਕ ਵਿਚ ਬਹੁਤ ਸਫਲ ਸਾਬਤ ਹੋਈ ਹੈ ਜਿਥੇ ਬਹੁਤ ਥੋੜੇ ਸਮੇਂ ਵਿਚ ਸਾਡਾ ਮਹੱਤਵਪੂਰਣ ਮਾਰਕੀਟ ਸ਼ੇਅਰ ਕਾਇਮ ਹੋ ਗਿਆ ਹੈ। ਫ੍ਰੀਡਮ ਮੋਬਾਈਲ ਦੀ ਸ਼ਾਅ ਦੀ ਮਾਲਕੀ ਨੂੰ ਵਿਆਪਕ ਰੂਪ ਵਿਚ ਰੋਜਰਸ-ਸ਼ਾਅ ਸੌਦੇ ਦੀ ਮਨਜ਼ੂਰੀ ਵਿਚ ਮੁੱਖ ਰੁਕਾਵਟ ਵਜੋਂ ਦੇਖਿਆ ਗਿਆ ਹੈ। ਮਾਂਟਰੀਅਲ ਆਧਾਰਤ ਵੀਡੀਓਟ੍ਰੋਨ ਨੇ ਇਸ ਸਾਲ ਦੇ ਸ਼ੁਰੂ ਵਿਚ 2.85 ਅਰਬ ਡਾਲਰ ਦੀ ਕੀਮਤ ਵਾਲੀ ਫ੍ਰੀਡਮ ਮੋਬਾਈਲ ਕੰਪਨੀ ਨੂੰ ਖਰੀਦਣ ਲਈ ਸਹਿਮਤੀ ਦਿੱਤੀ ਸੀ। ਚੈਂਪੇਜਨੇ ਨੇ ਇਸ ਤੋਂ ਪਹਿਲਾਂ ਮੰਗਲਵਾਰ ਸ਼ਾਮ ਨੂੰ ਕਿਹਾ ਕਿ ਉਹ ਰੋਜਰਸ ਤੇ ਸ਼ਾਅ ਵਿਚਕਾਰ ਪ੍ਰਸਤਾਵਤ ਰਲੇਵੇਂ ਨੂੰ ਪ੍ਰਵਾਨਗੀ ਨਹੀਂ ਦੇਵੇਗਾ ਪਰ ਇਕ ਸੋਧੇ ਹੋਏ ਸਮਝੌਤੇ ਲਈ ਰਸਤਾ ਖੁੱਲ੍ਹਾ ਛੱਡ ਦਿੱਤਾ ਹੈ ਅਤੇ ਕਿਹਾ ਕਿ ਫ੍ਰੀਡਮ ਦੀ ਵੀਡੀਓਟ੍ਰੋਨ ਵਲੋਂ ਖਰੀਦ ਕਰਨ ਤੋਂ ਪਹਿਲਾਂ ਉਸ ਨੂੰ ਦੋ ਵਿਸ਼ੇਸ਼ ਰਿਆਇਤਾਂ ਦੇਣੀਆਂ ਪੈਣਗੀਆਂ।

# ਗੋਲੀਬਾਰੀ ਵਿਚ ਮਰੇ ਵਿਅਕਤੀ ਦੀ ਬਿੱਟੂ ਵਜੋਂ ਪਛਾਣ ਹੋਈ

ਸਰੀ-ਹੋਮੀਸਾਈਡ ਇਨਵੈਸਟੀਗੇਟਰਜ਼ ਨੇ ਦੱਸਿਆ ਕਿ 20 ਅਕਤੂਬਰ ਨੂੰ ਵਿਲੋਬੀ ਨੇਬਰਹੁੱਡ ਵਿਚ 211ਬੀ ਸਟ੍ਰੀਟ ਦੇ 7700 ਬਲਾਕ ਵਿਚ ਬਿੱਟੂ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ ਸੀ। ਗੋਲੀਬਾਰੀ ਦੀ ਘਟਨਾ ਪਿੱਛੋਂ ਆਰਸੀਐਮਪੀ ਨੂੰ 232ਵੀਂ ਸਟ੍ਰੀਟ ਅਤੇ 76ਏ ਐਵੀਨਿਊ ਨੇੜੇ ਇਕ ਫੋਰਡ ਐਫ-150 ਦੇ ਅੱਗ ਲੱਗੀ ਹੋਣ ਕਾਰਨ ਬੁਲਾਇਆ ਗਿਆ ਸੀ। ਇਹ ਮੋਟਰ ਗੱਡੀ ਕਤਲ ਵਾਲੀ ਥਾਂ 'ਤੇ ਗਵਾਹਾਂ ਵਲੋਂ ਦੇਖੀ ਮੋਟਰ ਗੱਡੀ ਨਾਲ ਮੇਲ ਖਾਂਦੀ ਹੈ। ਆਈਐਚਆਈਟੀ ਦੇ ਬੁਲਾਰੇ ਸਾਰਜੈਂਟ ਟਿਮੋਥੀ ਪੇਰੋਟੀ ਨੇ ਦੱਸਿਆ ਕਿ ਜਾਂਚ ਅੱਗੇ ਵਧਾਉਣ ਲਈ ਲੈਂਗਲੀ ਵਾਸੀ ਚੈਚੋਟ ਦੀ ਪਛਾਣ ਕੀਤੀ ਜਾ ਰਹੀ ਹੈ। ਪ੍ਰੋਵਿੰਸ਼ੀਅਲ ਅਦਾਲਤ ਦਾ ਡਾਟਾਬੇਸ ਦੱਸਦਾ ਹੈ ਕਿ ਪਿਛਲੇ ਦਹਾਕੇ ਵਿਚ ਬਿੱਟੂ ਖਿਲਾਫ ਬਹੁਤ ਸਾਰੇ ਡਰਾਈਵਿੰਗ ਨਾਲ ਸਬੰਧਤ ਚਾਰਜ ਲਗਾਏ ਗਏ ਸਨ ਪਰ ਕੋਈ ਹੋਰ ਅਪਰਾਧਿਕ ਰਿਕਾਰਡ ਨਹੀਂ ਸੀ। ਪੇਰੋਟੀ ਨੇ ਕਿਹਾ ਕਿ ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਲਗਦੀ ਹੈ।

# ਮਹਾਰਾਣੀ ਦੀ ਪ੍ਰਧਾਨ ਮੰਤਰੀ ਨਾਲ ਆਖਰੀ ਮੁਲਾਕਾਤ ਤੋਂ 7 ਹਫ਼ਤੇ ਬਾਅਦ ਕਿੰਗ ਚਾਰਲਸ ਵਲੋਂ ਪਹਿਲੇ ਪੀ ਐਮ ਦਾ ਸਵਾਗਤ

ਲੰਡਨ-7 ਹਫ਼ਤਿਆਂ ਦੇ ਅੰਤਰਾਲ ਦੌਰਾਨ ਲਈਆਂ ਗਈਆਂ ਦੋ ਤਸਵੀਰਾਂ ਸਮਰਾਟ ਦੀ ਬਰਤਾਨਵੀ ਪ੍ਰਧਾਨ ਮੰਤਰੀਆਂ ਨਾਲ ਉਨ੍ਹਾਂ ਨੂੰ ਨਵੀਂ ਸਰਕਾਰ ਬਣਾਉਣ ਲਈ ਕਹਿਣ ਸਮੇਂ ਕੀਤੀ ਰਵਾਇਤੀ ਤੇ ਰਸਮੀ ਮੁਲਾਕਾਤ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ ਪਰ ਇਨ੍ਹਾਂ ਦੋਵਾਂ ਤਸਵੀਰਾਂ ਦੇ ਸਮੇਂ ਵਿਚਕਾਰ ਬਹੁਤ ਕੁਝ ਵਾਪਰਿਆ ਜਿਸ ਨੇ ਦੇਸ਼ ਨੂੰ ਸੋਗ ਵਿਚ ਡਬੋ ਦਿੱਤਾ ਅਤੇ ਫਿਰ ਗੰਭੀਰ ਗੜਬੜ ਵਾਲਾ ਆਰਥਿਕ ਸੰਕਟ ਪੈਦਾ ਹੋਇਆ, ਇਕ ਤੋਂ ਬਾਅਦ ਇਕ ਤਬਦੀਲੀ ਹੋਈ ਜਿਸ ਦਾ ਬਹੁਤ ਸਾਰੇ ਦੇਸ਼ ਵਾਸੀਆਂ ਨੇ ਕਦੇ ਵੀ ਅਨੁਭਵ ਨਹੀਂ ਕੀਤਾ। ਮਹਾਰਾਣੀ ਐਲਿਜ਼ਾਬੈਥ ਦੂਸਰੀ ਨੇ ਨਵੀਂ ਬਣ ਰਹੀ ਪ੍ਰਧਾਨ ਮੰਤਰੀ ਲਿਜ਼ ਟ੍ਰੱਸ ਨਾਲ 6 ਸਤੰਬਰ ਨੂੰ ਮੀਟਿੰਗ ਕੀਤੀ ਸੀ। ਇਹ ਆਖਰੀ ਵਾਰ ਸੀ ਜਦੋਂ ਜਨਤਾ ਨੇ ਮਹਾਰਾਣੀ ਨੂੰ ਰਾਜ ਗੱਦੀ 'ਤੇ ਬੈਠਣ ਤੋਂ 70 ਸਾਲ ਬਾਅਦ ਆਖਰੀ ਵਾਰ ਤਸਵੀਰ ਵਿਚ ਦੇਖਿਆ ਸੀ। ਉਸ ਦਾ ਸ਼ਾਸਨ ਦੋ ਸ਼ਤਾਬਦੀਆਂ, ਬਸਤੀਵਾਦੀ ਤੋਂ ਬਾਅਦ ਦਾ ਸਮੇਂ, ਬ੍ਰੈਗਜ਼ਿਟ ਤੇ ਮਹਾਂਮਾਰੀ ਵਾਲੇ ਸਮੇਂ ਵਿਚ ਚਲਦਾ ਰਿਹਾ। ਟ੍ਰੱਸ ਲਈ ਇਹ ਨਵੀਂ ਸ਼ੁਰੂਆਤ ਸੀ ਅਤੇ ਉਸ ਦਾ ਕੰਸਰਵੇਟਿਵ ਪਾਰਟੀ ਦੀ ਲੀਡਰਸ਼ਿਪ ਲਈ ਰਿਸ਼ੀ ਸੁਨਕ ਨਾਲ ਕਈ ਹਫ਼ਤੇ ਸੰਘਰਸ਼ ਚਲਦਾ



ਰਿਹਾ ਅਤੇ ਆਖਰਕਾਰ 10 ਡਾਊਨਿੰਗ ਸਟਰੀਟ ਦਾ ਕਾਰਜਭਾਰ ਉਸ ਨੂੰ ਦੇ ਦਿੱਤਾ ਗਿਆ। ਉਸ ਤੋਂ ਪਹਿਲੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੈਤਿਕਤਾ ਦੇ ਘੁਟਾਲਿਆਂ ਕਾਰਨ ਅਸਤੀਫਾ ਦੇਣ ਲਈ ਮਜ਼ਬੂਰ ਹੋ ਗਏ ਸਨ। ਟ੍ਰੱਸ ਦੀ ਮਿਲਣੀ ਸਮੇਂ ਮਹਾਰਾਣੀ ਤੁਰਨ ਲਈ ਸਟਿਕ ਦੀ ਵਰਤੋਂ ਕਰਦੀ ਤੇ ਮੁਸਕਰਾਉਂਦੀ ਦਿਖਾਈ ਦਿੰਦੀ ਹੈ। ਜਦੋਂ ਉਹ ਹੱਥ ਮਿਲਾਉਂਦੀਆਂ ਹਨ ਤਾਂ ਟ੍ਰੱਸ ਵੀ ਮੁਸਕਰਾਉਂਦੀ ਦਿਖਾਈ ਦਿੰਦੀ ਹੈ। ਇਸ ਤੋਂ ਦੋ ਦਿਨ ਬਾਅਦ ਮਹਾਰਾਣੀ ਦੀ ਮੌਤ ਹੋ ਜਾਂਦੀ ਹੈ। ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਟ੍ਰੱਸ ਬਹੁਤੀ ਦੇਰ ਟਿਕ ਨਹੀਂ ਸਕੀ। ਉਸ ਦੀਆਂ ਉਦਾਰ ਆਰਥਿਕ ਨੀਤੀਆਂ ਨੇ ਬਾਜ਼ਾਰਾਂ ਵਿਚ ਕੰਟਰੋਲ ਰਹਿਤ ਸਥਿਤੀ ਪੈਦਾ ਕਰ ਦਿੱਤੀ ਅਤੇ ਪੌਂਡ ਦੀ ਕੀਮਤ ਲਗਪਗ 40 ਸਾਲਾਂ ਦੇ ਸਮੇਂ ਵਿਚ ਡਾਲਰ ਦੇ ਮੁਕਾਬਲੇ ਸਭ ਤੋਂ ਹੇਠਲੇ ਪੱਧਰ 'ਤੇ ਚਲੀ ਗਈ। ਦੂਸਰੀ ਤਸਵੀਰ ਸਾਬਕਾ ਖਜ਼ਾਨਾ ਮੰਤਰੀ ਤੇ ਹੁਣ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਕਿੰਗ ਚਾਰਲਸ ਤੀਸਰੇ ਨਾਲ ਹੱਥ ਮਿਲਾਉਣ ਦੀ ਹੈ। ਸੁਨਕ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਇਸ ਸਾਲ ਉਹ ਬਰਤਾਨੀਆ ਦਾ ਤੀਸਰਾ ਨੇਤਾ ਹੈ। ਤਾਜ਼ਾ ਦੋ ਨੇਤਾਵਾਂ ਨੇ ਬਰਤਾਨਵੀ ਲੋਕਾਂ ਤੋਂ ਫਤਵਾ ਲਏ ਬਿਨ੍ਹਾਂ ਅਹੁਦਾ ਸੰਭਾਲਿਆ। ਉਹ ਕੰਸਰਵੇਟਿਵ ਪਾਰਟੀ ਦੇ ਲੀਡਰ ਚੁਣੇ ਗਏ ਅਤੇ ਆਪਣੇ ਆਪ ਪ੍ਰਧਾਨ ਮੰਤਰੀ ਬਣ ਗਏ।

# ਮੇਜਰ ਜਨਰਲ ਡੈਨੀ ਫੋਰਟਿਨ ਖ਼ਿਲਾਫ਼ ਜਿਣਸੀ ਹਮਲੇ ਦਾ ਫ਼ੈਸਲਾ 5 ਦਸੰਬਰ ਨੂੰ ਸੁਣਾਏ ਜਾਣ ਦੀ ਆਸ

ਓਟਵਾ-ਵੈਕਸੀਨ ਮੁਹਿੰਮ ਦੇ ਸਾਬਕਾ ਮੁਖੀ ਮੇਜਰ ਜਨਰਲ ਡੈਨੀ ਫੋਰਟਿਨ ਖਿਲਾਫ ਜਿਣਸੀ ਹਮਲੇ ਦੀ ਸੁਣਵਾਈ ਖਤਮ ਹੋ ਗਈ ਹੈ।



ਮੁਕੱਦਮੇ ਦੀ ਸੁਣਵਾਈ ਵਿਚ ਕੋਈ ਜੂਰੀ ਨਹੀਂ। ਜੱਜ ਰਿਚਰਡ ਮੈਰੀਡਿਥ ਵਲੋਂ 5 ਦਸੰਬਰ ਨੂੰ ਫ਼ੈਸਲਾ ਸੁਣਾਏ ਜਾਣ ਦੀ ਆਸ ਹੈ। ਸਿਵਲੀਅਨ ਜੱਜ ਵਲੋਂ ਫ਼ੈਸਲਾ ਦਿੱਤੇ ਜਾਣ ਤੋਂ ਪਹਿਲਾਂ ਫੋਰਟਿਨ ਨੂੰ ਦਸੰਬਰ ਤਕ ਉਡੀਕ ਕਰਨੀ ਪਵੇਗੀ ਜਿਹੜਾ ਅਖੀਰ ਤਕ ਆਪਣੇ ਆਪ ਨੂੰ ਨਿਰਦੋਸ਼ ਕਹਿੰਦਾ ਰਿਹਾ ਹੈ। ਮਾਮਲੇ ਵਿਚ ਸ਼ਿਕਾਇਤ ਕਰਨ ਵਾਲੀ ਔਰਤ ਨੇ ਪਿਛਲੇ ਮਹੀਨੇ ਬਿਆਨ ਦਿੱਤਾ ਸੀ ਕਿ ਇਕ ਰਾਤ ਜਦੋਂ ਡੋਰਮ ਰੂਮ ਵਿਚ ਉਸ ਦੀ ਜਾਗ ਖੁੱਲ੍ਹੀ ਤਾਂ ਇਕ ਵਿਅਕਤੀ ਉਸ ਨਾਲ ਛੇੜਖਾਨੀ ਕਰ ਰਿਹਾ ਸੀ। ਉਸ ਦਾ ਨਾਂਅ ਤੇ ਵੇਰਵੇ ਜੋ ਉਸ ਦੀ ਪਛਾਣ ਕਰ ਸਕਦੇ ਹਨ ਪ੍ਰਕਾਸ਼ਨ ਪਾਬੰਦੀ ਤਹਿਤ ਸੁਰੱਖਿਅਤ ਹਨ। ਉਸ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਬਿਨ੍ਹਾਂ ਸ਼ੱਕ ਯਕੀਨ ਹੈ ਕਿ ਦੋਸ਼ੀ ਵਿਅਕਤੀ ਫੋਰਟਿਨ ਸੀ ਜਿਸ ਨਾਲ ਉਹ ਕਿਊਬਕ ਵਿਚ ਸੇਂਟ-ਜੀਨ-ਸੁਰ-ਰਚੇਲੀਓ ਵਿਚ ਮਿਲਟਰੀ ਕਾਲਜ ਵਿਚ ਪੜ੍ਹਦੀ ਸੀ। ਸਮਾਪਤੀ ਬਿਆਨ ਵਿਚ ਕਰਾਊਨ ਪ੍ਰੋਸੀਕਿਊਟਰ ਡਿਆਨੇ ਲੇਗੌਲਟ ਨੇ ਦਲੀਲ ਦਿੱਤੀ ਕਿ ਇਸ ਗੱਲ 'ਤੇ ਵਿਸ਼ਵਾਸ਼ ਕਰਨ ਦਾ ਕੋਈ ਕਾਰਨ ਨਹੀਂ ਕਿ ਮਾਮਲੇ ਵਿਚ ਸ਼ਿਕਾਇਤ ਕਰਨ ਵਾਲੀ ਔਰਤ 1988 ਦੀ ਘਟਨਾ ਸਮੇਂ ਆਪਣੇ ਹਮਲਾਵਰ ਦੀ ਪਛਾਣ ਭੁੱਲ ਗਈ ਸੀ ਜਾਂ ਗਲਤੀ ਕੀਤੀ ਸੀ।

# ਯੂਬੀਸੀ ਗੋਲਫ ਕਲੱਬ ਗੈਂਗ ਕਤਲ ਮਾਮਲੇ ਵਿਚ ਤਿੰਨ ਵਿਅਕਤੀਆਂ ਖਿਲਾਫ ਦੋਸ਼

ਸਰੀ-ਯੂਬੀਸੀ ਗੋਲਫ ਕਲੱਬ ਗੈਂਗ ਕਤਲ ਮਾਮਲੇ ਵਿਚ ਤਿੰਨ ਵਿਅਕਤੀ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਵਿਸ਼ਾਲ ਵਾਲੀਆ ਨੂੰ ਯੂਨੀਵਰਸਿਟੀ ਇਨਡੋਮੈਂਟ ਲੈਂਡ 'ਤੇ ਯੂਨੀਵਰਸਿਟੀ ਬੁਲੇਵਾਰਡ ਦੇ 5100 ਬਲਾਕ ਵਿਚ ਯੂਬੀਸੀ ਗੋਲਫ ਕਲੱਬ ਦੀ ਪਾਰਕਿੰਗ ਵਿਚ ਦਿਨ ਦਿਹਾੜੇਂਗੋਲੀਆਂ ਮਾਰ ਕੇ ਮਾਰ ਦਿੱਤਾ ਸੀ। 10 ਮਿੰਟ ਪਿੱਛੋਂ ਕਰਾਊਨ ਸਟਰੀਟ ਤੇ ਵੈਸਟ 21ਵੀਂ ਐਵੀਨਿਊ ਵਿਚ ਇਕ ਮੋਟਰ ਗੱਡੀ ਨੂੰ ਅੱਗ ਲੱਗੀ ਹੋਣ ਬਾਰੇ ਪੁਲਿਸ ਨੂੰ ਜਾਣਕਾਰੀ ਦਿੱਤੀ ਗਈ। ਅੱਗ ਦੀ ਘਟਨਾ ਕਾਰਨ ਮੌਕੇ 'ਤੇ ਪਹੁੰਚੇ ਅਫਸਰਾਂ ਨੇ ਸੜ ਰਹੀ ਕਾਰ ਦੀ ਸ਼ੱਕੀ ਮੋਟਰ ਗੱਡੀ ਵਜੋ ਪਛਾਣ ਕੀਤੀ। ਗੋਲੀਬਾਰੀ ਤੋਂ ਇਕ ਘੰਟਾ ਪਿੱਛੋਂ ਪੁਲਿਸ ਨੇ ਰਿਚਮੰਡ ਵਿਚ ਹਾਈਵੇਅ 91 'ਤੇ ਦੁਰਘਟਨਾ ਪਿੱਛੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਯੂਐਨ ਗੈਂਗ ਦੇ ਸਹਿਯੋਗੀਆਂ ਬਲਰਾਜ ਬਸਰਾ ਤੇ ਇਕਬਾਲ ਕੰਗ ਖਿਲਾਫ ਅਗਜਨੀ ਤੇ ਹੋਰ ਦੋਸ਼ ਆਇਦ ਕੀਤੇ ਗਏ ਹਨ। ਸ਼ੁੱਕਰਵਾਰ 22 ਸਾਲਾ ਬਸਰਾ, 21 ਸਾਲ ਕੰਗ ਤੇ 18 ਸਾਲਾ ਬੈਪਟਿਸਟ ਖਿਲਾਫ ਫਸਟ ਡਿਗਰੀ ਕਤਲ ਦੇ ਦੋਸ਼ ਲਗਾਏ ਗਏ। ਉਹ ਸਾਰੇ ਹਿਰਾਸਤ ਰਹਿਣਗੇ। ਉਨ੍ਹਾਂ 'ਤੇ ਆਵਾਜਾਈ ਦੇ ਖਤਰਨਾਕ ਸੰਚਾਲਨ ਤੇ ਚੋਰੀ ਦੀ ਪ੍ਰਾਪਰਟੀ ਕੋਲ ਰੱਖਣ ਦੇ ਵੀ ਦੋਸ਼ ਲਗਾਏ ਗਏ ਹਨ। ਤਿੰਨੇ ਦੋਸ਼ੀ 29 ਨਵੰਬਰ ਨੂੰ ਅਦਾਲਤ ਵਿਚ ਪੇਸ਼ ਕੀਤੇ ਜਾਣਗੇ।


ਡੈਨਾਮਿਕ ਸਟਾਫਿੰਗ ਏਜੰਸੀ ਲਿਮਟਿਡ

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:

604-593-4224, 604-727-2421

# ਅਮਰੀਕੀ ਪੁਲਿਸ ਅਧਿਕਾਰੀ ਸੰਦੀਪ ਧਾਲੀਵਾਲ ਦੇ ਕਤਲ ਦੇ ਦੋਸ਼ੀ ਰੌਬਰਟ ਨੂੰ ਮੌਤ ਦੀ ਸਜ਼ਾ

ਹਿਊਸਟਨ-ਅਮਰੀਕਾ ਦੇ ਟੈਕਸਸ 'ਚ ਪਹਿਲੇ ਦਸਤਾਰਧਾਰੀ ਭਾਰਤੀ-ਅਮਰੀਕੀ ਪੁਲੀਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ (42) ਦੀ ਹੱਤਿਆ ਦੇ ਦੋਸ਼ੀ ਰੌਬਰਟ ਸੋਲਿਸ ਨੂੰ ਸ਼ਜਾ-ਏ-ਮੌਤ ਸੁਣਾਈ ਗਈ ਹੈ। ਧਾਲੀਵਾਲ ਨੂੰ 27 ਸਤੰਬਰ, 2019 'ਚ ਇਕ ਨਾਕੇ ਦੌਰਾਨ ਸੋਲਿਸ ਨੇ ਗੋਲੀਆਂ ਮਾਰ ਦਿੱਤੀਆਂ ਸਨ। ਨਾਗਰਿਕਾਂ 'ਤੇ ਆਧਾਰਿਤ ਜਿਊਰੀ ਨੇ ਜਦੋਂ ਸੋਲਿਸ ਨੂੰ ਮੌਤ ਦੀ ਸਜ਼ਾ ਸੁਣਾਈ ਤਾਂ ਉਸ ਨੇ ਕੋਈ ਪ੍ਰਤੀਕਰਮ ਨਹੀਂ ਦਿੱਤਾ। ਮੌਤ ਦੀ ਸਜ਼ਾ ਦੀ ਸਿਫ਼ਾਰਿਸ਼ ਕਰਨ ਤੋਂ ਪਹਿਲਾਂ ਜਿਊਰੀ ਮੈਂਬਰਾਂ ਨੇ ਸਿਰਫ਼ 35 ਮਿੰਟ ਤੱਕ ਵਿਚਾਰ ਵਟਾਂਦਰਾ ਕੀਤਾ। ਹੈਰਿਸ ਕਾਊਂਟੀ ਦੇ ਸ਼ੈਰਿਫ਼ ਐਂਡ ਗੌਂਜ਼ਾਲੇਜ਼ ਨੇ ਟਵਿੱਟਰ 'ਤੇ ਜਿਊਰੀ ਮੈਂਬਰਾਂ ਵੱਲੋਂ ਸੁਣਾਏ ਫ਼ੈਸਲੇ ਦੀ ਜਾਣਕਾਰੀ ਦਿੰਦਿਆਂ ਕਿਹਾ,"ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਧਾਲੀਵਾਲ ਨੂੰ ਇਨਸਾਫ਼ ਮਿਲ ਗਿਆ ਹੈ।" ਸੋਲਿਸ (50) ਨੂੰ ਹਿਊਸਟਨ ਦੀ ਹੈਰਿਸ ਕਾਊਂਟੀ ਦੀ ਅਪਰਾਧਿਕ ਅਦਾਲਤ ਨੇ ਧਾਲੀਵਾਲ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਹੈ। ਧਾਲੀਵਾਲ ਉਸ ਸਮੇਂ ਸੁਰਖੀਆਂ 'ਚ ਆਇਆ ਸੀ ਜਦੋਂ ਉਨ੍ਹਾਂ ਨੂੰ ਨੌਕਰੀ ਦੌਰਾਨ ਦਾੜ੍ਹੀ ਰੱਖਣ ਅਤੇ ਦਸਤਾਰ ਪਹਿਨਣ ਦੀ ਇਜਾਜ਼ਤ ਦਿੱਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰ-ਪੱਛਮੀ ਹਿਊਸਟਨ 'ਚ ਇਕ ਟਰੈਫਿਕ ਸਿਗਨਲ 'ਤੇ ਸੋਲਿਸ ਨੇ ਗੋਲੀ ਮਾਰ ਕੇ ਧਾਲੀਵਾਲ ਦੀ ਹੱਤਿਆ ਕਰ ਦਿੱਤੀ ਸੀ। ਸੰਦੀਪ ਸਿੰਘ ਧਾਲੀਵਾਲ ਨੇ ਸੋਲਿਸ ਨੂੰ ਇਕ ਰਿਹਾਇਸ਼ੀ ਇਲਾਕੇ 'ਚ ਰੋਕਿਆ ਸੀ ਅਤੇ ਜਦੋਂ ਉਹ ਆਪਣੀ ਪੈਟਰੋਲਿੰਗ ਕਾਰ ਵੱਲ ਵਧ ਰਿਹਾ ਸਨ ਤਾਂ ਉਸ ਨੂੰ ਪਿੱਛਿਓਂ ਗੋਲੀਆਂ ਮਾਰੀਆਂ ਗਈਆਂ ਸਨ। ਜਿਊਰੀ ਮੈਂਬਰਾਂ ਨੇ 65 ਗਵਾਹਾਂ ਨੂੰ ਸੁਣਿਆ। ਸੁਣਵਾਈ ਦੌਰਾਨ ਸੋਲਿਸ ਨੇ ਆਪਣਾ ਬਚਾਅ ਕਰਦਿਆਂ ਕਿਹਾ ਸੀ ਕਿ ਉਸ ਤੋਂ ਗਲਤੀ ਨਾਲ ਗੋਲੀ ਚੱਲੀ ਸੀ ਜੋ ਧਾਲੀਵਾਲ ਨੂੰ ਲੱਗ ਗਈ। ਸੀਬੀਸੀ ਨਿਊਜ਼ ਦੀ ਰਿਪੋਰਟ ਮੁਤਾਬਕ ਸੋਲਿਸ ਨੇ ਜਾਣਬੁੱਝ ਕੇ ਧਾਲੀਵਾਲ ਨੂੰ ਗੋਲੀ ਮਾਰੀ ਸੀ। ਧਾਲੀਵਾਲ ਦੀ ਵੱਡੀ ਭੈਣ ਹਰਪ੍ਰੀਤ ਰਾਏ ਨੇ ਕਿਹਾ,"ਕਾਸ਼ ਇਸ ਸਮੇਂ ਧਾਲੀਵਾਲ ਸਾਡੇ ਨਾਲ ਹੁੰਦਾ। ਅੱਜ ਕਿੰਨੇ ਲੋਕਾਂ ਨੂੰ ਇਨਸਾਫ਼ ਮਿਲਦਾ ਹੈ?" ਸ਼ੈਰਿਫ਼ ਗੌਂਜ਼ਾਲੇਜ਼ ਨੇ ਕਿਹਾ,"ਸਾਨੂੰ ਸਾਰਿਆਂ ਨੂੰ ਧਾਲੀਵਾਲ ਬਣਨ ਦੀ ਖ਼ਾਹਸ਼ ਰੱਖਣੀ ਚਾਹੀਦੀ ਹੈ। ਉਨ੍ਹਾਂ ਅਜਿਹੀ ਵਿਰਾਸਤ ਛੱਡੀ ਹੈ। ਉਹ ਇਕ ਮਾਨਵਤਾਵਾਦੀ ਸਨ ਜਿਨ੍ਹਾਂ ਆਪਣੇ ਕੰਮ ਦੌਰਾਨ ਕਈ ਲੋਕਾਂ ਦੀ ਸਹਾਇਤਾ ਕੀਤੀ।" ਧਾਲੀਵਾਲ ਦੇ ਨਾਮ 'ਤੇ ਇਕ ਡਾਕਖਾਨੇ ਅਤੇ ਇਕ ਸੜਕ ਦਾ ਨਾਮ ਵੀ ਰੱਖਿਆ ਗਿਆ ਹੈ।








## ਉਨਟਾਰੀਓ ਸਰਕਾਰ ਵਲੋਂ ਇਕ ਪ੍ਰਾਪਰਟੀ ਵਿਚ ਤਿੰਨ ਯੂਨਿਟ ਦੀ ਇਜਾਜ਼ਤ ਦੇਣ ਦਾ ਫੈਸਲਾ

ਟੋਰਾਂਟੋ-ਓਨਟਾਰੀਓ ਸਰਕਾਰ ਵਲੋਂ ਹਾਊਸਿੰਗ ਤਬਦੀਲੀਆਂ ਦਾ ਐਲਾਨ ਕੀਤੇ ਜਾਣ ਦੀ ਆਸ ਹੈ ਜਿਹੜੀਆਂ ਕੁਝ ਸਥਿਤੀਆਂ ਵਿਚ ਮਿਊਂਸਪਲ ਜ਼ੋਨ ਦੇ ਕਾਨੂੰਨਾਂ ਨੂੰ ਕੰਟਰੋਲ ਕਰਨਗੀਆਂ ਅਤੇ ਹਰੇਕ ਰਿਹਾਇਸ਼ੀ ਪਲਾਟ 'ਤੇ ਤਿੰਨ ਯੂਨਿਟਾਂ ਦੀ ਉਸਾਰੀ ਦੀ ਇਜਾਜ਼ਤ ਦਿੱਤੀ ਜਾਵੇਗੀ। ਸੀਟੀਵੀ ਨਿਊਜ਼ ਟੋਰਾਂਟੋ ਨੂੰ ਪਤਾ ਲੱਗਾ ਹੈ ਕਿ ਹਾਊਸਿੰਗ ਕਾਨੂੰਨ ਦੇ ਹਿੱਸੇ ਵਜੋਂ ਟੋਰਾਂਟੋ ਸ਼ਹਿਰ 2031 ਤੱਕ 285000 ਨਵੇਂ ਘਰਾਂ ਦੀ ਉਸਾਰੀ ਕਰੇਗਾ। ਓਨਟਾਰੀਓ ਸਰਕਾਰ ਦਾ ਕਹਿਣਾ ਕਿ ਉਹ ਆਬਾਦੀ ਦੇ ਆਕਾਰ ਤੇ ਵਾਧੇ ਦੇ ਆਧਾਰ 'ਤੇ ਮਿਊਂਸਪਲਟੀਆਂ ਲਈ ਟੀਚੇ ਨਿਰਧਾਰਤ ਕਰੇਗੀ। ਓਟਵਾ ਨੂੰ 161000 ਮਕਾਨਾਂ ਜਦਕਿ ਮਿਸੀਸਾਗਾ ਨੂੰ 120000 ਅਤੇ ਬਰੈਂਪਟਨ ਨੂੰ 113000 ਘਰਾਂ ਦਾ ਨਿਸ਼ਾਨਾ ਦਿੱਤਾ ਗਿਆ ਹੈ।

## ਨਿਰਮਾਣ ਮਜ਼ਦੂਰਾਂ ਦੀ ਘਾਟ ਕਾਰਨ ਕੈਨੇਡੀਅਨ ਆਰਥਿਕਤਾ ਨੂੰ ਲਗਪਗ 13 ਅਰਬ ਡਾਲਰ ਦਾ ਨੁਕਸਾਨ ਹੋਇਆ

ਓਟਵਾ-ਇਕ ਨਵੀਂ ਰਿਪੋਰਟ ਵਿਚ ਪਾਇਆ ਕਿ ਕੈਨੇਡਾ ਦੀ ਆਰਥਿਕਤਾ ਨੇ ਨਿਰਮਾਣ ਸੈਕਟਰ ਵਿਚ ਦੇਸ਼ਵਿਆਪੀ ਲੇਬਰ ਤੇ ਹੁਨਰ ਦੀ ਘਾਟ ਕਾਰਨ ਪਿਛਲੇ ਸਾਲ ਲਗਪਗ 13 ਅਰਬ ਡਾਲਰ ਗੁਆਏ ਹਨ। ਕੈਨੇਡੀਅਨ ਮੈਨੂਫੈਕਚਰਰਜ਼ ਐਂਡ ਐਕਸਪੋਰਟਸ (ਸੀਐਮਈ) ਨੇ ਦੇਸ਼ ਭਰ ਵਿਚ 17 ਇੰਡਸਟਰੀਜ਼ ਵਿਚ 563 ਨਿਰਮਾਣਕਾਰਾਂ ਦੇ ਸਾਲਾਨਾ ਲੇਬਰ ਸਰਵੇਖਣ ਵਿਚ ਪਾਇਆ ਕਿ ਲਗਪਗ ਦੋ ਤਿਹਾਈ ਨੇ ਵਰਕਰਾਂ ਦੀ ਘਾਟ ਕਾਰਨ ਕੰਟਰੈਕਟ ਗੁਆ ਦਿੱਤ ਜਾਂ ਰੱਦ ਕਰ ਦਿੱਤੇ ਅਤੇ ਉਤਪਾਦਨ ਵਿਚ ਦੇਰੀ ਹੋਈ ਹੈ। ਸੰਗਠਨ ਮੁਤਾਬਿਕ ਇਨ੍ਹਾਂ ਮੁੱਦਿਆਂ ਦੇ ਨਤੀਜੇ ਵਜੋਂ ਵਿਕਰੀ ਦਾ ਜ਼ੁਰਮਾਨਾ ਤੇ ਨੁਕਸਾਨ 7.2 ਅਰਬ ਡਾਲਰ ਦਾ ਹੋਇਆ। ਇਸ ਤੋਂ ਇਲਾਵਾ43 ਫ਼ੀਸਦੀ ਕੰਪਨੀਆਂ ਨੇ ਘਾਟ ਕਾਰਨ ਪੂੰਜੀ ਪ੍ਰਾਜੈਕਟਾਂ ਨੂੰ ਅੱਗੇ ਪਾ ਦਿੱਤਾ ਜਾਂ ਰੱਦ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ 5.4 ਅਰਬ ਡਾਲਰ ਦਾ ਨਿਵੇਸ਼ ਗੁਆਚਿਆ ਹੈ। ਇੰਡਸਟਰੀਅਲ ਸੈਕਟਰ ਵਿਚ ਲੇਬਰ ਮਾਰਕੀਟ 'ਤੇ ਮਹਾਂਮਾਰੀ ਦੇ ਲੰਬੇ ਪ੍ਰਭਾਵ ਪਏ ਹਨ।

## ਬਲੌਕ ਕਿਊਬਕ ਨੇ ਫੈਡਰਲ ਸਰਕਾਰ ਨੂੰ ਬ੍ਰਿਟਿਸ਼ ਰਾਜਾਸ਼ਾਹੀ ਤੋਂ ਅਲਗ ਹੋਣ ਲਈ ਕਿਹਾ

ਓਟਵਾ-ਕਿਊਬਕ ਦੀ ਵੱਖਵਾਦੀ ਪਾਰਟੀ ਨੇ ਫੈਡਰਲ ਸਰਕਾਰ ਨੂੰ ਬ੍ਰਿਟਿਸ਼ ਰਾਜਾਸ਼ਾਹੀ ਨਾਲ ਸਬੰਧਾਂ ਨੂੰ ਤੋੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਕਿੰਗ ਚਾਰਲਸ ਨੂੰ ਹਾਲ ਹੀ ਵਿਚ ਤਾਜ ਦਾ ਤਬਾਦਲਾ ਕਰਨ ਸਮੇਂ ਇਹ ਸਹੀ ਮੌਕਾ ਹੈ। ਇਸ ਤਜਵੀਜ਼ 'ਤੇ ਬੁੱਧਵਾਰ ਨੂੰ ਵੋਟਾਂ ਪਾਈਆਂ ਜਾਣਗੀਆਂ। ਬਲੈਂਚੇਟ ਨੇ ਇਕ ਬਿਆਨ ਵਿਚ ਕਿਹਾ ਕਿ ਇੰਗਲੈਂਡ ਵਿਚ ਹਾਲ ਹੀ ਵਿਚ ਗਾਰਡ ਦੀ ਬਦਲੀ ਕਿਊਬਕ ਵਾਸੀਆਂ ਤੇ ਕੈਨੇਡੀਅਨਾਂ ਲਈ ਵਿਗੜ ਰਹੇ ਰਾਜਾਸ਼ਾਹੀ ਸਬੰਧਾਂ ਤੋਂ ਆਪਣੇ ਆਪ ਨੂੰ ਮੁਕਤ ਕਰਨ ਦਾ ਮੌਕਾ ਹੈ। ਮਹਾਰਾਣੀ ਐਲਿਜ਼ਾਬੈਥ ਦੀ 96 ਸਾਲ ਵਿਚ ਜਦੋਂ 8 ਸਤੰਬਰ ਨੂੰ ਮੌਤ ਹੋਈ ਤਾਂ 73 ਸਾਲਾ ਚਾਰਲਸ ਆਪਣੇ ਆਪ ਯੂਕੇ ਤੇ ਕੈਨੇਡਾ ਸਮੇਤ 4 ਹੋਰ ਦੇਸ਼ਾਂ ਦਾ ਮੁਖੀ ਬਣ ਗਿਆ। ਰਾਜਾਸ਼ਾਹੀ ਨਾਲ ਸਬੰਧ ਖਤਮ ਕਰਨ ਲਈ ਸੰਵਿਧਾਨ ਵਿਚ ਸੋਧ ਕਰਨੀ ਪਵੇਗੀ ਜਿਸ ਨੂੰ ਘੱਟੋ ਘੱਟ 50 ਫ਼ੀਸਦੀ ਤੋਂ ਜ਼ਿਆਦਾ ਜਨਸੰਖਿਆ ਦੀ ਪ੍ਰਤੀਨਿਧਤਾ ਕਰਨ ਵਾਲੇ ਘੱਟੋ ਘੱਟ ਸੱਤ ਰਾਜਾਂ ਅਤੇ ਪਾਰਲੀਮੈਂਟ ਦੇ ਸਮਰਥਨ ਦੀ ਲੋੜ ਹੈ। ਸੰਵਿਧਾਨਕ ਸੁਧਾਰ ਲਈ ਕੈਨੇਡਾ ਵਿਚ ਬਹੁਤ ਘੱਟ ਇੱਛਾ ਸ਼ਕਤੀ ਹੈ।







ਸੰਪਾਦਕੀ

# ਜਨਤਕ ਸੁਰੱਖਿਆ ਦੇ ਮੁੱਦੇ 'ਤੇ ਸਿਆਸੀ ਖੇਡ

## ਇਕ ਧਿਰੀ ਮੁਹਿੰਮ ਦੀ ਥਾਂ ਨਿਰਪੱਖ ਪਹੁੰਚ ਅਪਨਾਉਣ ਦੀ ਲੋੜ

**ਸੁਖਵਿੰਦਰ ਸਿੰਘ ਚੋਹਲਾ**

ਬ੍ਰਿਟਿਸ਼ ਕੋਲੰਬੀਆ ਮਿਊਂਸਪਲ ਚੋਣਾਂ ਮੁਕੰਮਲ ਹੋ ਗਈਆਂ ਹਨ। ਮਿਊਂਸਪਲ ਚੋਣਾਂ ਵਿਚ ਸੂਬੇ ਦੇ ਦੋ ਵੱਡੇ ਸ਼ਹਿਰਾਂ ਵੈਨਕੂਵਰ ਤੇ ਸਰੀ ਕੌਂਸਲ ਦੀਆਂ ਚੋਣਾਂ ਵਿਚ ਤਬਦੀਲੀ ਦੀ ਲਹਿਰ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਵੈਨਕੂਵਰ ਵਿਚ ਜਿਥੇ ਤਬਦੀਲੀ ਦੀ ਲਹਿਰ ਤੇ ਸਵਾਰ ਚੀਨੀ-ਕੈਨੇਡੀਅਨ ਆਗੂ ਕੇਨ ਸਿਮ ਭਾਰੀ ਬਹੁਮਤ ਨਾਲ ਮੇਅਰ ਚੁਣੇ ਗਏ ਹਨ, ਉਥੇ ਸਰੀ ਵਿਚ ਮੇਅਰ ਡੱਗ ਮੈਕੱਲਮ ਦੇ ਦਾਅਵਿਆਂ ਤੇ ਸਾਰੇ ਵਾਅਦੇ ਪੂਰੇ ਕਰਨ ਦੇ ਨਾਅਰੇ ਨਾਲ ਜੇਤੂ ਚੋਣ ਮੁਹਿੰਮ ਦੇ ਬਾਵਜੂਦ ਉਹ ਆਪਣੇ ਵਿਰੋਧੀ ਉਮੀਦਵਾਰਾਂ ਵਿਚਾਲੇ ਘਿਰੇ ਮੇਅਰ ਦੀ ਕੁਰਸੀ ਗਵਾ ਬੈਠੇ ਹਨ। ਸਰੀ ਦੇ ਪੰਜਾਬੀ ਭਾਈਚਾਰੇ ਵਿਚ ਆਪਣਾ ਮਜ਼ਬੂਤ ਜਨ ਆਧਾਰ ਰੱਖਣ ਵਾਲੇ ਮੇਅਰ ਨੂੰ ਪੰਜਾਬੀ ਭਾਈਚਾਰੇ ਵਿਚ ਦੋ ਹੋਰ ਵੱਡੇ ਰਸੂਖ ਰੱਖਣ ਵਾਲੇ ਉਮੀਦਵਾਰਾਂ ਵਲੋਂ ਪ੍ਰਾਪਤ ਵੋਟਾਂ ਕਾਰਣ ਹਾਰ ਦਾ ਮੂੰਹ ਵੇਖਣਾ ਪਿਆ ਹੈ। ਸਿਟੀ ਕੌਂਸਲ ਦੀ ਚੋਣ ਮੁਹਿੰਮ ਦੌਰਾਨ ਭਾਵੇਂਕਿ ਉਮੀਦਵਾਰਾਂ ਵਲੋਂ ਹਾਊਸਿੰਗ, ਵਿਕਾਸ, ਪਬਲਿਕ ਸੇਫਟੀ, ਕਮਿਊਨਿਟੀ ਸਹੂਲਤਾਂ, ਆਵਾਜਾਈ ਤੇ ਟੈਕਸ ਮੁੱਖ ਮੁੱਦੇ ਰਹੇ ਪਰ ਇਸ ਦੌਰਾਨ ਸਰੀ ਕੁਨੈਕਟ ਦੀ ਆਗੂ ਵਲੋ ਆਪਣਾ ਮੁੱਖ ਮੁੱਦਾ ਆਰ ਸੀ ਐਮ ਪੀ ਬਨਾਮ ਮਿਊਂਸਪਲ ਪੁਲਿਸ ਬਣਾਉਣ ਦੇ ਯਤਨ ਵਿਚ ਸਫਲਤਾ ਹਾਸਲ ਹੋਈ ਹੈ । ਪਿਛਲੇ ਲਗਾਤਾਰ ਚਾਰ ਸਾਲ ਤੋਂ ਆਰ ਸੀ ਐਮ ਪੀ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਲੋਕਾਂ ਨੇ ਆਪਣੀ ਇਸ ਮੁਹਿੰਮ ਰਾਹੀਂ ਸ਼ਹਿਰ ਦੇ ਲੋਕਾਂ ਨੂੰ ਦੋ ਹਿੱਸਿਆਂ ਵਿਚ ਵੰਡਣ ਦੀ ਕੋਈ ਕਸਰ ਨਹੀ ਛੱਡੀ। ਸਮਝਿਆ ਜਾਂਦਾ ਹੈ ਕਿ ਸਰੀ ਪੁਲਿਸ ਦੀ ਕਾਇਮੀ ਲਈ ਪੰਜਾਬੀ ਭਾਈਚਾਰੇ ਦਾ ਵੱਡਾ ਯੋਗਦਾਨ ਰਿਹਾ ਹੈ। ਸਰੀ ਵਿਚ ਗੈਂਗ ਹਿੰਸਾ ਨੂੰ ਠੱਲ ਪਾਉਣ ਵਿਚ ਆਰ ਸੀ ਐਮ ਪੀ ਦੀ ਕਾਰਗੁਜ਼ਾਰੀ ਉਪਰ ਪ੍ਰਸ਼ਨ ਚਿੰਨ ਲੱਗਣ ਉਪਰੰਤ ਸਥਾਨਕ ਪੁਲਿਸ ਦੀ ਕਾਇਮੀ ਦੀ ਮੰਗ ਸਾਹਮਣੇ ਆਈ ਸੀ। ਗੈਂਗ ਹਿੰਸਾ ਵਿਚ ਪੰਜਾਬੀ ਭਾਈਚਾਰੇ ਦੇ ਵਧੇਰੇ ਗਿਣਤੀ ਵਿਚ ਨੌਜਵਾਨਾਂ ਦੇ ਨਿਸ਼ਾਨਾ ਬਣਨ ਕਾਰਣ ਪੰਜਾਬੀ ਭਾਈਚਾਰੇ ਨੇ ਇਸ ਮੰਗ ਨੂੰ ਵਾਜਿਬ ਜਾਣਿਆ ਤੇ ਮੇਅਰ ਡੱਗ ਮੈਕਲਮ ਵਲੋ ਵੇਕ ਅੱਪ ਸਰੀ ਦੀ ਮੰਗ ਦੇ ਸਮਰਥਨ ਵਿਚ ਮਿਊਂਸਪਲ ਪੁਲਿਸ ਬਣਾਏ ਜਾਣ ਦੇ ਵਾਅਦੇ ਨੂੰ ਭਰਵਾਂ ਹੁੰਗਾਰਾ ਦਿੱਤਾ। ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਪਿਛਲੀ ਚੋਣ ਮੇਅਰ ਡੱਗ ਮੈਕਲਮ ਨੇ ਸਰੀ ਪੁਲਿਸ ਦੀ ਸਥਾਪਨਾ ਦੇ ਵਾਅਦੇ ਨਾਲ ਹੀ ਜਿੱਤ ਲਈ। ਇਸ ਚੋਣ ਮੁਹਿੰਮ ਦੇ ਆਖਰੀ ਪੜਾਅ ਦੌਰਾਨ ਇਕ ਪ੍ਰਸਿਧ ਅੰਗਰੇਜੀ ਅਖਬਾਰ ਵਲੋਂ ਕਰਵਾਏ ਗਏ ਇਕ ਸਰਵੇਖਣ ਮੁਤਾਬਿਕ ਇਹਨਾਂ ਚੋਣਾਂ ਵਿਚ ਆਰ ਸੀ ਐਮ ਪੀ ਬਨਾਮ ਮਿਊਂਸਪਲ ਪੁਲਿਸ ਮੁੜ ਇਕ ਵੱਡਾ ਮੁੱਦਾ ਬਣ ਗਿਆ। ਸਰਵੇਖਣ ਵਿਚ ਲਗਪਗ 51 ਪ੍ਰਤੀਸ਼ਤ ਵੋਟਰਾਂ ਨੂੰ ਮਿਊਂਸਪਲ ਪੁਲਿਸ ਦੇ ਫੈਸਲੇ ਨੂੰ ਉਲਟਾਉਣ ਦੇ ਪੱਖ ਵਿਚ ਦੱਸਿਆ ਗਿਆ। ਇਸ ਸਰਵੇਖਣ ਵਿਚ ਆਰ ਸੀ ਐਮ ਪੀ ਦੇ ਮੁੱਦੇ ਨੂੰ ਅਗਵਾਈ ਦੇਣ ਵਾਲੀ ਆਗੂ ਬਰੈਂਡਾ ਲੌਕ ਦੀ ਲੋਕਪ੍ਰਿਯਤਾ ਦੀ




ਦਰ ਵੀ ਸਭ ਤੋ ਉਪਰ ਵਿਖਾਈ ਗਈ । ਇਸ ਸਰਵੇਖਣ ਦਾ ਤੱਤ ਸਾਰ ਇਹ ਰਿਹਾ ਕਿ ਸਰੀ ਦੇ ਬਹੁਗਿਣਤੀ ਲੋਕ ਆਰ ਸੀ ਐਮ ਪੀ ਦੀਆਂ ਸੇਵਾਵਾਂ ਨੂੰ ਬਣਾਈ ਰੱਖਣ ਦੇ ਪੱਖ ਵਿਚ ਹਨ। ਸਮਝਿਆ ਜਾ ਸਕਦਾ ਹੈ ਜਿਵੇਂ ਚਾਰ ਸਾਲ ਪਹਿਲਾਂ ਸਰੀ ਪੁਲਿਸ ਦੇ ਨਾਮ ਹੇਠ ਇਕ ਧਿਰ ਨੂੰ ਸਿਆਸੀ ਲਾਭ ਪਹੁੰਚਾਇਆ ਗਿਆ ਉਵੇਂ ਹੀ ਇਸ ਵਾਰ ਦੂਸਰੀ ਸਿਆਸੀ ਧਿਰ ਨੇ ਆਰ ਸੀ ਐਮ ਪੀ ਦੀ ਹਮਾਇਤ ਕਰਦਿਆਂ ਸਿਆਸੀ ਲਾਹਾ ਖੱਟਣ ਦਾ ਮੌਕਾ ਨਹੀ ਖੁੰਝਾਇਆ। ਆਪਣੀ ਜਿੱਤ ਉਪਰੰਤ ਸਰੀ ਕੁਨੈਕਟ ਦੀ ਆਗੂ ਨੇ ਕਿਹਾ ਹੈ ਕਿ ਉਹ ਸਰੀ ਪੁਲਿਸ ਦੀ ਟਰਾਂਜੀਸ਼ਨ ਨੂੰ ਰੋਕਣ ਦੇ ਵਾਅਦੇ ਉਪਰ ਕਾਇਮ ਹੈ। ਭਾਵੇਂਕਿ ਮਾਹਿਰਾਂ ਦੀ ਰਾਇ ਹੈ ਕਿ ਪੁਲਿਸ ਟਰਾਂਜੀਸ਼ਨ ਹੁਣ ਜਿਸ ਪੜਾਅ ਉਪਰ ਪਹੁੰਚ ਚੁੱਕੀ ਹੈ, ਉਸਨੂੰ ਉਲਟਾਉਣਾ ਇਤਨਾ ਸਹਿਜ ਨਹੀ। ਉਹਨਾਂ ਦਾ ਖਿਆਲ ਹੈ ਕਿ ਅਗਰ ਅਜਿਹਾ ਵਾਪਰਦਾ ਹੈ ਤਾਂ ਇਹ ਬਹੁਤ ਹੀ ਗੁੰਝਲਦਾਰ ਤੇ ਕਈ ਸਮੱਸਿਆਵਾਂ ਨੂੰ ਪੈਦਾ ਕਰਨ ਵਾਲਾ ਹੋ ਸਕਦਾ ਹੈ। ਇਸੇ ਦੌਰਾਨ ਸਰੀ ਪੁਲਿਸ ਯੂਨੀਅਨ ਦੇ ਇਕ ਆਗੂ ਦਾ ਸਪੱਸ਼ਟ ਕਹਿਣਾ ਹੈ ਕਿ ਸਰੀ ਮਿਊਂਸਪਲ ਪੁਲਿਸ ਦੀ ਸਥਾਪਨਾ ਕਿਸੇ ਇਕ ਆਗੂ ਜਾਂ ਵਿਅਕਤੀ ਵਿਸ਼ੇਸ਼ ਦੀ ਇੱਛਾ ਉਪਰ ਨਿਰਭਰ ਨਹੀ ਬਲਕਿ ਇਸ ਵਿਚ ਸਿਟੀ ਪ੍ਰਸਾਸ਼ਨ ਤੋ ਇਲਾਵਾ ਫੈਡਰਲ ਤੇ ਪ੍ਰਾਂਤਕ ਸਰਕਾਰਾਂ ਵੀ ਸ਼ਾਮਿਲ ਹਨ। ਇਸਤੋ ਵੀ ਅੱਗੇ ਸਰੀ ਪੁਲਿਸ ਵਲੋ ਲਗਪਗ 350 ਸਟਾਫ ਦੀ ਭਰਤੀ ਹੋ ਚੁੱਕੀ ਹੈ। ਸਰੀ ਪੁਲਿਸ ਬੋਰਡ ਆਪਣਾ ਕੰਮ ਲਗਾਤਾਰ ਅੱਗੇ ਵਧਾ ਰਿਹਾ ਹੈ। ਸਰੀ ਪੁਲਿਸ ਬੋਰਡ ਨੇ ਨਵੀਂ ਚੁਣੀ ਮੇਅਰ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਹੈ ਕਿ ਪੁਲਿਸ ਟਰਾਂਜੀਸ਼ਨ ਦੀ ਪ੍ਰਕਿਰਿਆ ਜਾਰੀ ਰਹੇਗੀ ਪਰ ਇਸ ਦੌਰਾਨ ਨਾਮਜ਼ਦ ਮੇਅਰ ਬਰੈਂਡਾ ਲੌਕ ਦੇ ਬਿਆਨ ਨੇ ਵੱਡਾ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਇਸ ਦੌਰਾਨ ਕੀਪ ਆਰ ਸੀ ਐਮ ਪੀ ਦੀ ਤਰਜ਼ ਉਪਰ ਕੀਪ ਸਰੀ ਪੁਲਿਸ ਦੀ ਮੁਹਿੰਮ ਆਰੰਭ ਹੋ ਗਈ ਹੈ। ਸਰੀ ਪੁਲਿਸ ਦਾ ਵਿਚਾਰ ਲਿਆਉਣ ਵਾਲੀ ਜਥੇਬੰਦੀ ਵੇਕ ਅੱਪ ਸਰੀ ਨੇ ਵੀ ਮੁੜ ਆਪਣੀ ਸਰਗਰਮੀ ਵਿੱਢ ਦਿੱਤੀ ਹੈ। ਉਧਰ ਚੋਣ ਹਾਰਨ ਵਾਲੇ ਮੇਅਰ ਡੱਗ ਮੈਕਲਮ ਦੀ ਸੇਫ ਸਰੀ ਕੋਲੀਸ਼ਨ ਨੇ ਬਰੈਂਡਾ ਲੌਕ ਵਲੋ 1000 ਤੋਂ ਘੱਟ ਵੋਟਾਂ ਉਪਰ ਜੇਤੂ ਰਹਿਣ ਉਪਰ ਵੀ ਸਵਾਲ ਖੜਾ ਕਰ ਦਿੱਤਾ ਗਿਆ ਹੈ। ਉਂਜ ਫਸਟ ਪਾਸਟ ਦਾ ਪੋਸਟ ਦੇ ਸਿਧਾਂਤ ਦੇ ਵੋਟ ਸਿਸਟਮ ਵਿਚ 973 ਵੋਟਾਂ ਦਾ ਅੰਕੜਾ ਛੋਟਾ ਨਹੀ ਪਰ ਇਸਦੇ ਬਾਵਜੂਦ ਸੇਫ ਸਰੀ ਕੋਲੀਸ਼ਨ ਨੇ ਵੋਟਾਂ ਦੀ ਦੁਬਾਰਾ ਗਿਣਤੀ ਲਈ ਜੁਡੀਸ਼ੀਅਲ ਦਖਲ ਦੀ ਮੰਗ ਕੀਤੀ ਹੈ।ਉਹਨਾਂ ਵਲੋ ਵੋਟਾਂ ਵਿਚ ਹੇਰਾਫੇਰੀ ਦੇ ਦੋਸ਼ ਵੀ ਸਿਸਟਮ ਉਪਰ ਬੇਵਿਸਾਹੀ ਤੇ ਸ਼ੰਕੇ ਪੈਦਾ ਕਰਨ ਵਾਲੇ ਹਨ। ਚੋਣ ਮੁਹਿੰਮ ਦੌਰਾਨ ਸੇਫ ਸਰੀ ਕੋਲੀਸ਼ਨ ਨੂੰ ਚੁਣੌਤੀ ਦੇਣ ਵਾਲੇ ਹੋਰ ਉਮੀਦਵਾਰਾਂ ਵਲੋ ਸਿਟੀ ਵਿਚ ਭ੍ਰਿਸ਼ਟਾਚਾਰ ਤੇ ਲੈਂਡ ਮਾਫੀਆ ਦੇ ਇਸ਼ਾਰਿਆਂ ਤੇ ਕੰਮ ਕਰਨ ਦੇ ਦੋਸ਼ਾਂ ਤੋ ਇਲਾਵਾ ਸ਼ਹਿਰ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਨੂੰ ਟੈਕਸਾਂ ਤੇ ਹੋਰ ਖਰਚਿਆਂ ਤੋ ਨਿਜਾਤ ਦਿਵਾਏ ਜਾਣਾ ਕਿਸੇ ਵੀ ਸਿਆਸੀ ਪਲੇਟਫਾਰਮ ਵਿਚ ਸ਼ਾਮਿਲ ਹੋਣਾ ਕਿਸੇ ਹੱਦ ਤੱਕ ਮੰਨਿਆ ਜਾ ਸਕਦਾ ਹੈ ਪਰ ਕੇਵਲ ਆਰ ਸੀ ਐਮ ਪੀ ਬਨਾਮ ਸਰੀ ਪੁਲਿਸ ਨੂੰ ਇਕ ਮੁੱਦਾ ਬਣਾਉਣਾ, ਵੋਟਾਂ ਮੰਗਣਾ ਜਾਂ ਮੇਅਰ ਦੀ ਕੁਰਸੀ ਤੱਕ ਪੁੱਜਣਾ ਤੇ ਹੁਣ ਵੋਟਾਂ ਉਪਰੰਤ ਮੁੜ ਇਸ ਮੁੱਦੇ ਉਪਰ ਇਕ ਮੁਹਿੰਮ ਛੇੜਨਾ, ਭਾਈਚਾਰਕ ਸਾਂਝ ਵਿਚ ਤਰੇੜਾਂ ਦਾ ਝਾਉਲਾ ਪੈਣ ਵਾਂਗ ਹੈ । ਇਸ ਦੌਰਾਨ ਇਸ ਪ੍ਰਭਾਵ ਦਾ ਉਭਾਰ ਕਿ ਮਿਊਂਸਪਲ ਪੁਲਿਸ ਪੰਜਾਬੀ ਭਾਈਚਾਰੇ ਦੀ ਮੰਗ ਉਪਰ ਸਥਾਪਿਤ ਕੀਤੀ ਗਈ ਸੀ ਤੇ ਉਹੀ ਇਸਦੀ ਕਾਇਮੀ ਲਈ ਮੁੜ ਮੁਹਿੰਮ ਦੀ ਅਗਵਾਈ ਕਰ ਰਹੇ ਹਨ ਤੇ ਦੂਸਰੇ ਪਾਸੇ ਆਰ ਸੀ ਐਮ ਪੀ ਨੂੰ ਵਾਈਟ ਭਾਈਚਾਰੇ ਦੀ ਤਰਜੀਹ ਦੱਸਣਾ, ਸ਼ਹਿਰ ਦੀ ਬਹੁਸਭਿਆਚਾਰਕ ਦਿੱਖ ਤੇ ਸਦਭਾਵੀ ਮਾਹੌਲ ਨੂੰ ਵੰਡਪਾਊ, ਕੁੜੱਤਣ ਭਰਿਆ ਬਣਾਉਣ ਤੇ ਨਫਰਤ ਨੂੰ ਸ਼ਿਸ਼ਕਾਰਨ ਵਾਂਗ ਹੈ। ਸ਼ਹਿਰ ਅਤੇ ਸ਼ਹਿਰੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਤੰਤਰ ਵਿਚ ਵਿਸ਼ਵਾਸ ਕਾਇਮੀ ਨੂੰ ਕਿਸੇ ਇਕ ਵਿਸ਼ੇਸ਼ ਸੁਰੱਖਿਆ ਏਜੰਸੀ ਨਾਲ ਜੋੜਨਾ ਕਿਸੇ ਵੀ ਤਰਾਂ ਸਮੂਹਿਕ ਹਿੱਤ ਵਿਚ ਨਹੀਂ। ਜਨਤਕ ਸੁਰੱਖਿਆ ਦੇ ਮੁੱਦੇ ਨੂੰ ਸਿਆਸਤ ਤੋ ਲਾਂਭੇ, ਨਿਰਪੱਖਤਾ ਨਾਲ ਵਿਚਾਰਨ ਦੀ ਲੋੜ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਓਨਟਾਰੀਓ ਦੇ ਵਿਅਕਤੀ ਨੇ 13 ਮਹੀਨਿਆਂ ਵਿਚ ਦੂਸਰੀ ਵਾਰ 10 ਲੱਖ ਡਾਲਰ ਦੀ ਲਾਟਰੀ ਜਿੱਤੀ

ਟੋਰਾਂਟੋ-ਓਨਟਾਰੀਓ ਦੇ ਐਂਟੋਨੀ ਬੇਈਨੀ ਨਾਂਅ ਦੇ ਵਿਅਕਤੀ ਨੇ 13 ਮਹੀਨਿਆਂ ਵਿਚ ਦੂਸਰੀ ਵਾਰ 10 ਲੱਖ ਡਾਲਰ ਦੀ ਲਾਟਰੀ ਜਿੱਤੀ ਹੈ। ਉਸ ਦਾ ਕਹਿਣਾ ਕਿ ਇਹ ਜਿੱਤ ਪਹਿਲੀ ਨਾਲੋਂ ਜ਼ਿਆਦਾ ਹੈਰਾਨ ਕਰਨ ਵਾਲੀ ਸੀ। ਉਸ ਨੇ ਓਐਲਜੀ ਨੂੰ ਦੱਸਿਆ ਕਿ ਉਹ ਅਗਸਤ 2021 ਨੂੰ ਵੀ ਪ੍ਰਾਈਜ਼ ਸੈਂਟਰ ਵਿਖੇ 10 ਲੱਖ ਡਾਲਰ ਦਾ ਇਨਾਮ ਲੈਣ ਲਈ ਮੌਜੂਦ ਸੀ। ਬੇਈਨੀ ਨੇ ਓਐਲਜੀ ਐਪ ਦੀ ਘਰ ਵਿਖੇ ਵਰਤੋਂ ਕਰਦਿਆਂ ਆਪਣੀ ਤਾਜ਼ਾ ਜੇਤੂ ਟਿਕਟ ਦੀ ਜਾਂਚ ਕੀਤੀ। ਉਸ ਨੂੰ ਇਸ 'ਤੇ ਵਿਸ਼ਵਾਸ਼ ਨਾ ਹੋਇਆ। ਖੁਸ਼ਕਿਸਮਤ ਜੇਤੂ ਬੇਈਨੀ ਨੇ ਦੱਸਿਆ ਕਿ ਉਸ ਨੇ ਇਸ ਬਾਰੇ ਫਿਰ ਸੋਚਿਆ। ਉਸ ਨੇ ਇਸ ਦੀ ਜਾਣਕਾਰੀ ਆਪਣੀ ਪਤਨੀ ਨੂੰ ਦਿੱਤੀ ਜਿਹੜੀ ਬਹੁਤ ਖੁਸ਼ ਹੋਈ। ਹੁਣ ਬੇਈਨੀ ਜਿੱਤੀ ਲਾਟਰੀ ਦਾ ਪੈਸਾ ਆਪਣੇ ਪਰਿਵਾਰ ਲਈ ਵਰਤਣਾ ਚਾਹੁੰਦਾ ਹੈ। ਉਹ ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਮੇਰੇ ਪਰਿਵਾਰ ਦੀ ਅਗਲੀ ਪੀੜ੍ਹੀ ਆਰਾਮ ਨਾਲ ਰਹਿ ਸਕੇ। ਇਹ ਬਹੁਤ ਸ਼ਾਨਦਾਰ ਹੈ। ਮਿਲਟਨ ਵਿਚ ਮੇਨ ਸਟਰੀਟ 'ਤੇ ਬੇਈਨੀ ਨੇ ਇਹ ਟਿਕਟ ਮਿਲਟਨ ਕਨਵੇਨੈਂਸ ਸਟੋਰ ਤੋਂ ਖਰੀਦੀ ਸੀ।

# ਕੈਨੇਡਾ ਪੁਲਿਸ ਵੱਲੋਂ ਢਾਈ ਕਰੋੜ ਦੀ ਡਰੱਗ ਬਰਾਮਦ-5 ਤਸਕਰਾਂ ਵਿਚ ਤਿੰਨ ਪੰਜਾਬੀ

ਬਰੈਂਪਟਨ (ਸੇਖਾ)-ਕੈਨੇਡਾ ਪੁਲੀਸ ਨੇ ਤਿੰਨ ਪੰਜਾਬੀ ਨੌਜਵਾਨਾਂ ਸਮੇਤ ਪੰਜ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਢਾਈ ਕਰੋੜ ਕੈਨੇਡੀਅਨ ਡਾਲਰ ਦੇ ਨਸ਼ੇ ਬਰਾਮਦ ਕੀਤੇ ਹਨ। ਕੈਨੇਡਾ ਪੁਲੀਸ ਨੇ ਹੁਣ ਤੱਕ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਬਰਾਮਦ ਕੀਤੀ ਹੈ। ਇਨ੍ਹਾਂ ਨੌਜਵਾਨਾਂ ਕੋਲੋਂ 70 ਹਜ਼ਾਰ ਡਾਲਰ ਨਕਦ ਵੀ ਮਿਲੇ ਹਨ। ਟੋਰਾਂਟੋ ਨੇੜਲੇ ਦੋ ਸ਼ਹਿਰਾਂ ਮਿਸੀਸਾਗਾ ਅਤੇ ਮਾਲਟਨ ਦੇ ਦੋ ਪ੍ਰਭਾਵਸ਼ਾਲੀ ਪੰਜਾਬੀ ਕਾਰੋਬਾਰੀ ਪਰਿਵਾਰਾਂ ਦੀ ਭੂਮਿਕਾ ਜਾਂਚ ਦੇ ਘੇਰੇ 'ਚ ਹੈ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ 'ਚ ਜਸਪ੍ਰੀਤ ਸਿੰਘ (ਬਰੈਂਪਟਨ), ਗੁਰਦੀਪ ਸਿੰਘ ਗਾਖਲ (ਕੇਲਡੋਨ) ਅਤੇ ਰਵਿੰਦਰ ਸਿੰਘ ਬੋਪਾਰਾਏ (ਮਿਸੀਸਾਗਾ) ਸ਼ਾਮਲ ਹਨ। ਉਨ੍ਹਾਂ ਨਾਲ ਖਲੀਲਉੱਲ੍ਹਾ ਅਮੀਨ (ਕੇਲਡੋਨ) ਅਤੇ ਰੇਅ ਆਈਪੀ (ਰਿਚਮੰਡ ਹਿੱਲ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਪਿਛਲੇ 11 ਮਹੀਨਿਆਂ ਤੋਂ ਮੁਲਜ਼ਮਾਂ ਦੀ ਪੈੜ ਨੱਪ ਰਹੀ ਸੀ। ਪੀਲ ਰਿਜਨਲ ਪੁਲੀਸ ਨੇ ਅਮਰੀਕਾ ਪੁਲੀਸ ਦੀ ਸਹਾਇਤਾ ਨਾਲ ਇਸ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੀਲ ਪੁਲੀਸ ਇਸ ਸਾਲ 9 ਮਹੀਨਿਆਂ 'ਚ 4 ਕਰੋੜ ਕੈਨੇਡੀਅਨ ਡਾਲਰ ਮੁੱਲ ਦੇ ਨਸ਼ੇ ਜ਼ਬਤ ਕਰ ਚੁੱਕੀ ਹੈ। ਇੰਸਪੈਕਟਰ ਟੋਡ ਕਸਟਾਂਸ ਨੇ ਮੀਡੀਆ ਨੂੰ ਦੱਸਿਆ ਕਿ ਫੜੇ ਗਏ ਵਿਅਕਤੀ ਅਮਰੀਕਾ ਅਤੇ ਕੈਨੇਡਾ ਵਿਚਕਾਰ ਚੱਲਦੇ ਆਪਣੇ ਟਰੱਕਾਂ 'ਚ ਨਸ਼ਿਆਂ ਦੀ ਖੇਪ ਲੁਕੋ ਕੇ ਲਿਜਾਂਦੇ ਸਨ। ਗਰੇਟਰ ਟੋਰਾਂਟੋ ਏਰੀਆ 'ਚ ਨਸ਼ੇ ਪਿਛਲੇ ਸਾਲ ਨਵੰਬਰ ਤੋਂ ਲਗਾਤਾਰ ਲਿਆ ਕੇ ਵੇਚੇ ਜਾ ਰਹੇ ਸਨ। ਇਹ ਨਸ਼ੇ ਮਿਸੀਸਾਗਾ ਦੇ ਫਰੈਂਡਜ਼ ਫਰਨੀਚਰ ਅਤੇ ਮਾਲਟਨ ਸਿਟੀ 'ਚ ਨੌਰਥ ਕਿੰਗ ਲੌਜਿਸਟਿਕਸ ਟਰੱਕ ਕੰਪਨੀ 'ਚ ਪਹੁੰਚਾਉਣ ਮਗਰੋਂ ਅੱਗੇ ਵੰਡੇ ਜਾਂਦੇ ਸਨ। ਦੋਵੇਂ ਕੰਪਨੀਆਂ ਦਾ ਹਜ਼ਾਰਾਂ ਲੱਖਾਂ ਡਾਲਰ ਦਾ ਕਾਰੋਬਾਰ ਹੈ। ਸੂਤਰਾਂ ਮੁਤਾਬਕ ਇਨ੍ਹਾਂ ਦੇ ਇਸ਼ਤਿਹਾਰ ਪੰਜਾਬੀ ਰੇਡੀਓ ਪ੍ਰੋਗਰਾਮਾਂ ਅਤੇ ਅਖ਼ਬਾਰਾਂ 'ਚ ਵੱਡੇ ਪੱਧਰ 'ਤੇ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ।

# ਦੋ ਸੇਵਾਮੁਕਤ ਪੁਲਿਸ ਅਧਿਕਾਰੀ ਝੂਠਾ ਪੁਲਿਸ ਮੁਕਾਬਲਾ ਬਣਾਉਣ ਦੇ ਕੇਸ ਵਿਚ ਦੋਸ਼ੀ ਕਰਾਰ

ਮੁਹਾਲੀ-ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਕਰੀਬ ਤਿੰਨ ਦਹਾਕੇ ਪੁਰਾਣੇ ਫ਼ਰਜ਼ੀ ਪੁਲੀਸ ਮੁਕਾਬਲਾ ਬਾਰੇ ਕੇਸ ਦਾ ਨਿਬੇੜਾ ਕਰਦਿਆਂ ਪੰਜਾਬ ਪੁਲੀਸ ਦੇ ਦੋ ਸੇਵਾਮੁਕਤ ਅਧਿਕਾਰੀਆਂ ਸਬ-ਇੰਸਪੈਕਟਰ ਸ਼ਮਸ਼ੇਰ ਸਿੰਘ ਅਤੇ ਏਐੱਸਆਈ ਜਗਤਾਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਹੈ। ਦੋਸ਼ੀਆਂ ਨੂੰ 2 ਨਵੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਇਸ ਮਾਮਲੇ ਵਿੱਚ ਨਾਮਜ਼ਦ ਦੋ ਹੋਰ ਪੁਲੀਸ ਮੁਲਾਜ਼ਮਾਂ ਇੰਸਪੈਕਟਰ ਪੂਰਨ ਸਿੰਘ ਅਤੇ ਏਐੱਸਆਈ ਜਗੀਰ ਸਿੰਘ ਦੀ ਟਰਾਇਲ ਦੌਰਾਨ ਮੌਤ ਹੋ ਚੁੱਕੀ ਹੈ। ਪੀੜਤ ਪਰਿਵਾਰ ਦੇ ਵਕੀਲ ਸਰਬਜੀਤ ਸਿੰਘ ਨੇ ਦੱਸਿਆ ਕਿ ਅਪਰੈਲ 1993 ਵਿੱਚ ਥਾਣਾ ਸਦਰ ਤਰਨ ਤਾਰਨ ਦੀ ਪੁਲੀਸ ਨੇ ਹਰਬੰਸ ਸਿੰਘ ਵਾਸੀ ਉਬੋਕੇ (ਤਰਨ ਤਾਰਨ) ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿੱਚ ਲਿਆ ਸੀ। ਪੁਲੀਸ ਅਨੁਸਾਰ ਹਰਬੰਸ ਸਿੰਘ ਨੇ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਉਸ ਨੇ ਚੰਬਲ ਏਰੀਆ ਵਿੱਚ ਹਥਿਆਰ ਛੁਪਾ ਕੇ ਰੱਖੇ ਹੋਏ ਹਨ। ਨੌਜਵਾਨ ਦੇ ਦੱਸਣ ਅਨੁਸਾਰ 15 ਅਪਰੈਲ 1993 ਨੂੰ ਤਰਨ ਤਾਰਨ ਜ਼ਿਲ੍ਹੇ ਦੀ ਪੁਲੀਸ ਹਥਿਆਰ ਬਰਾਮਦ ਕਰਵਾਉਣ ਲਈ ਹਰਬੰਸ ਸਿੰਘ ਨੂੰ ਆਪਣੇ ਨਾਲ ਲੈ ਕੇ ਜਾ ਰਹੀ ਸੀ ਕਿ ਰਸਤੇ ਵਿੱਚ ਖਾੜਕੂਆਂ ਨੇ ਪੁਲੀਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਇਸ ਮੁਕਾਬਲੇ ਵਿੱਚ ਹਰਬੰਸ ਸਿੰਘ ਅਤੇ ਇਕ ਹੋਰ ਅਣਪਛਾਤਾ ਖਾੜਕੂ ਮਾਰਿਆ ਗਿਆ। ਤਰਨ ਤਾਰਨ ਪੁਲੀਸ ਵੱਲੋਂ ਪੁਲੀਸ ਪਾਰਟੀ 'ਤੇ ਹਮਲਾ ਕਰਨ ਸਬੰਧੀ ਅਣਪਛਾਤੇ ਖਾੜਕੂਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਪੁਲੀਸ ਨੇ ਦੋਸ਼ ਲਾਇਆ ਸੀ ਕਿ ਹਰਬੰਸ ਸਿੰਘ ਨੂੰ ਪੁਲੀਸ ਹਿਰਾਸਤ 'ਚੋਂ ਛੁਡਾਉਣ ਲਈ ਖਾੜਕੂਆਂ ਨੇ ਫਾਇਰਿੰਗ ਕੀਤੀ ਸੀ। ਉੱਚ ਅਦਾਲਤ ਦੇ ਹੁਕਮਾਂ 'ਤੇ ਮ੍ਰਿਤਕ ਨੌਜਵਾਨ ਦੇ ਭਰਾ ਪਰਮਜੀਤ ਸਿੰਘ ਦੀ ਸ਼ਿਕਾਇਤ 'ਤੇ 25 ਜਨਵਰੀ 1999 ਨੂੰ ਉਕਤ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਕੇਸ ਦੀ ਸੁਣਵਾਈ ਮੁਹਾਲੀ ਸਥਿਤ ਸੀਬੀਆਈ ਅਦਾਲਤ ਵਿੱਚ ਚੱਲ ਰਹੀ ਸੀ। ਸੀਬੀਆਈ ਨੇ ਮੁੱਢਲੀ ਜਾਂਚ ਮਗਰੋਂ 13 ਦਸੰਬਰ 2002 ਨੂੰ ਉਕਤ ਪੁਲੀਸ ਅਧਿਕਾਰੀਆਂ ਖ਼ਿਲਾਫ਼ ਸੀਬੀਆਈ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਸੀ। ਕੇਸ ਦੀ ਸੁਣਵਾਈ ਦੌਰਾਨ ਸੀਬੀਆਈ ਨੇ 17 ਗਵਾਹ ਪੇਸ਼ ਕੀਤੇ।

# ਬਰੈਂਪਟਨ ਸਿਟੀ ਕੌਂਸਲ ਵਿਚ ਚਾਰ ਪੰਜਾਬੀਆਂ ਦੀ ਚੋਣ





ਬਰੈਂਪਟਨ-ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਬਰੈਂਪਟਨ ਸਿਟੀ ਦੀ ਮਿਉਂਸਪਲ ਚੋਣ ਵਿੱਚ ਚਾਰ ਪੰਜਾਬੀ ਜੇਤੂ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਨਵਜੀਤ ਕੌਰ ਬਰਾੜ ਨੇ ਵਾਰਡ 2 ਤੇ 6 ਅਤੇ ਹਰਕੀਰਤ ਸਿੰਘ ਨੇ ਵਾਰਡ 9 ਤੇ 10 ਤੋਂ ਸਿਟੀ ਕੌਂਸਲਰ ਵਜੋਂ ਚੋਣ ਜਿੱਤੀ ਹੈ ਜਦਕਿ ਗੁਰਪ੍ਰਤਾਪ ਸਿੰਘ ਤੂਰ ਵਾਰਡ 9 ਤੇ 10 ਤੋਂ ਰਿਜਨਲ ਕੌਂਸਲਰ ਚੁਣੇ ਗਏ ਹਨ। ਉਹਨਾਂ ਨੇ ਮੌਜੂਦਾ ਕੌਂਸਲਰ ਗੁਰਪ੍ਰੀਤ ਢਿੱਲੋਂ ਨੂੰ ਹਰਾਇਆ ਹੈ। ਇਸੇ ਤਰ੍ਹਾਂ ਪੱਤਰਕਾਰ ਸਤਪਾਲ ਜੌਹਲ ਵਾਰਡ ਨੰਬਰ 9 ਤੇ 10 ਤੋਂ ਪੀਲ ਸਕੂਲ ਬੋਰਡ ਦੇ ਟਰੱਸਟੀ ਚੁਣੇ ਗਏ ਹਨ। ਜ਼ਿਕਰਯੋਗ ਹੈ ਕਿ ਬਰੈਂਪਟਨ ਸਿਟੀ ਕੌਂਸਲ ਵਿੱਚ ਪੰਜ ਸਿਟੀ ਕੌਂਸਲਰ, ਪੰਜ ਰਿਜਨਲ ਕੌਂਸਲਰ ਅਤੇ ਪੰਜ ਸਕੂਲ ਟਰੱਸਟੀ ਚੁਣੇ ਜਾਂਦੇ ਹਨ। ਪੈਟਰਿਕ ਬਰਾਊਨ ਦੋ ਪੰਜਾਬੀ ਉਮੀਦਵਾਰਾਂ ਨਿੱਕੀ ਕੌਰ ਅਤੇ ਬੌਬ ਦੋਸਾਂਝ ਨੂੰ ਹਰਾ ਕੇ ਦੂਜੀ ਵਾਰ ਮੇਅਰ ਚੁਣੇ ਗਏ ਹਨ।

# ਕੈਨੇਡਾ ਵਿਚ ਰਾਜਸੀ ਸ਼ਰਨ ਮੰਗਣ ਵਾਲਿਆਂ ਵਿਚ ਪੰਜਾਬੀ ਮੂਹਰੇ

ਓਟਵਾ-ਕੈਨੇਡਾ 'ਚ ਸਿਆਸੀ ਸ਼ਰਨ ਮੰਗਣ ਲਈ ਚੱਲ ਰਹੇ ਰੈਕੇਟ ਦਾ ਪੰਜਾਬ ਧੁਰਾ ਬਣਿਆ ਹੋਇਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਸਿਆਸੀ ਅਤਿਆਚਾਰ ਦਾ ਹਵਾਲਾ ਦੇ ਕੇ ਕੈਨੇਡਾ ਵਿਚ ਸ਼ਰਨ ਮੰਗ ਰਹੇ ਹਨ। ਸ਼ਰਨ ਮੰਗਣ ਵਾਲਿਆਂ ਵੱਲੋਂ ਅਰਜ਼ੀ 'ਚ ਜ਼ਿਆਦਾਤਰ ਇਹ ਕਿਹਾ ਜਾਂਦਾ ਹੈ ਕਿ ਖਾਲਿਸਤਾਨ ਸਮਰਥਕ ਹੋਣ ਕਰ ਕੇ ਉਨ੍ਹਾਂ 'ਤੇ ਜ਼ੁਲਮ ਹੋਇਆ ਹੈ। ਭਾਰਤ ਵਿਚੋਂ ਨਿਕਲੇ 6,537 ਲੋਕਾਂ ਨੇ ਪਿਛਲੇ ਦਸ ਸਾਲਾਂ ਵਿਚ ਇਮੀਗ੍ਰੇਸ਼ਨ ਤੇ ਰਫਿਊਜੀ ਬੋਰਡ ਕੈਨੇਡਾ ਕੋਲ ਨਾਗਰਿਕਤਾ ਲਈ ਅਰਜ਼ੀ ਲਾਈ ਹੈ। ਅਰਜ਼ੀਕਰਤਾਵਾਂ ਵਿਚ ਅੱਧੇ ਤੋਂ ਵੱਧ ਪੰਜਾਬ ਨਾਲ ਸਬੰਧਤ ਹਨ। ਦੱਸਣਯੋਗ ਹੈ ਕਿ ਸਿਆਸੀ ਸ਼ਰਨ ਦੇ ਕੇਸ ਲੜਨ ਵਾਲੇ ਵਕੀਲ ਅਜਿਹੇ ਕੇਸ ਦਾਇਰ ਕਰਨ ਲਈ 30-35 ਲੱਖ ਰੁਪਏ ਤੱਕ ਚਾਰਜ ਕਰ ਰਹੇ ਹਨ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
*Some conditions Apply
Real Estate, Mortgage, Build & Warranty, Private Mortgages
604-716-2135 604-773-8426

# ਯੂਕੇ ਦੇ ਨਵੇਂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੇ ਲੁਧਿਆਣਾ ਵਸਦੇ ਮਾਮੇ ਬਾਗੋ ਬਾਗ



ਲੁਧਿਆਣਾ-ਭਾਰਤੀ ਮੂਲ ਦੇ ਰਿਸ਼ੀ ਸੂਨਕ ਦੇ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਨ ਮਗਰੋਂ ਇੱਥੇ ਲੁਧਿਆਣਾ ਵਿੱਚ ਖੁਸ਼ੀ ਦਾ ਮਾਹੌਲ ਹੈ। ਰਿਸ਼ੀ ਸੂਨਕ ਦੇ ਮਾਮਿਆਂ ਸਣੇ ਕਈ ਰਿਸ਼ਤੇਦਾਰ ਇੱਥੇ ਰਹਿੰਦੇ ਹਨ। ਲੁਧਿਆਣਾ ਵਿੱਚ ਰਿਸ਼ੀ ਸੂਨਕ ਦੇ ਮਾਮਾ ਸੁਭਾਸ਼ ਬੇਰੀ ਰਹਿੰਦੇ ਹਨ। ਉਹ ਰਿਸ਼ੀ ਸੂਨਕ ਦੀ ਮਾਂ ਊਸ਼ਾ ਬੇਰੀ ਦੇ ਚਾਚੇ ਦੇ ਲੜਕੇ ਹਨ। ਸੁਭਾਸ਼ ਬੇਰੀ ਨੇ ਵੀ ਸੂਨਕ ਦੇ ਪ੍ਰਧਾਨ ਮੰਤਰੀ ਬਣਨ 'ਤੇ ਖੁਸ਼ੀ ਜ਼ਾਹਿਰ ਕੀਤੀ। ਜ਼ਿਕਰਯੋਗ ਹੈ ਕਿ ਸੁਭਾਸ਼ ਬੇਰੀ ਦੇ ਪਿਤਾ ਭੀਮ ਸੇਨ ਬੇਰੀ ਤੇ ਸੂਨਕ ਦੇ ਨਾਨਾ 92 ਸਾਲਾ ਰਘੁਬੀਰ ਸੇਨ ਬੇਰੀ ਸਕੇ ਭਰਾ ਹਨ। ਭੀਮ ਸੇਨ ਬੇਰੀ ਤੇ ਰਘੁਬੀਰ ਸੇਨ ਬੇਰੀ ਇੱਕ ਸਮੇਂ ਕਿਲਾ ਰਾਏਪੁਰ ਕੋਲ ਪਿੰਡ ਜੱਸੋਵਾਲ ਸੂਦਾਂ ਵਿਚ ਰਹਿੰਦੇ ਸਨ। ਸਾਲ 1950 ਵਿੱਚ ਰਘੁਬੀਰ ਬੇਰੀ ਪੂਰਬੀ ਅਫ਼ਰੀਕਾ ਚਲੇ ਗਏ ਤੇ ਉਸ ਤੋਂ ਬਾਅਦ ਲੰਡਨ ਆ ਕੇ ਵਸ ਗਏ। ਰਘੁਬੀਰ ਬੇਰੀ ਹੁਣ ਵੀ ਲੰਡਨ 'ਚ ਰਹਿੰਦੇ ਹਨ। ਸੂਨਕ ਦੇ ਰਿਸ਼ਤੇਦਾਰਾਂ ਨੇ ਖੁਸ਼ੀ ਮਨਾਉਂਦਿਆਂ ਕਿਹਾ ਕਿ ਇਹ ਦੇਸ਼ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ 'ਤੇ ਸਾਲਾਂ ਤੱਕ ਰਾਜ ਕਰਨ ਵਾਲੇ ਅੰਗਰੇਜ਼ਾਂ ਦੀ ਕਮਾਨ ਹੁਣ ਭਾਰਤੀ ਨੌਜਵਾਨ ਸੰਭਾਲੇਗਾ। ਸੁਭਾਸ਼ ਬੇਰੀ ਨੇ ਦੱਸਿਆ ਕਿ ਰਿਸ਼ੀ ਸੂਨਕ ਦੇ ਨਾਨਾ ਰਘੁਬੀਰ ਬੇਰੀ ਜਦੋਂ ਵੀ ਲੁਧਿਆਣਾ ਆਉਂਦੇ ਹਨ ਤਾਂ ਉਨ੍ਹਾਂ ਦੇ ਕਲੱਬ ਰੋਡ ਸਥਿਤ ਘਰ ਵਿਚ ਰੁਕਦੇ ਹਨ।

# ਅਕਾਲੀ ਦਲ ਤੇ ਕਾਂਗਰਸ ਨੇ ਕੇਜਰੀਵਾਲ ਨੂੰ ਕਰੰਸੀ ਨੋਟਾਂ ਉਪਰ ਭਗਵਾਨ ਤੇ ਦੇਵੀ ਦੀਆਂ ਤਸਵੀਰਾਂ ਛਾਪੇ ਜਾਣ ਦੀ ਮੰਗ ਉਪਰ ਘੇਰਿਆ

ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਾਰਤੀ ਕਰੰਸੀ ਨੋਟਾਂ 'ਤੇ ਮਹਾਤਮਾ ਗਾਂਧੀ ਦੇ ਨਾਲ ਲਕਸ਼ਮੀ ਦੇਵੀ ਅਤੇ ਭਗਵਾਨ ਗਣੇਸ਼ ਦੀਆਂ ਤਸਵੀਰਾਂ ਛਪਵਾਉਣ ਦੀ ਅਪੀਲ ਨੇ ਪਾਰਟੀ ਨੂੰ ਪੰਜਾਬ ਵਿੱਚ ਕਸੂਤੀ ਸਥਿਤੀ 'ਚ ਪਾ ਦਿੱਤਾ ਹੈ। ਕੇਜਰੀਵਾਲ ਨੇ ਇਹ ਅਪੀਲ ਭਾਵੇਂ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਚੋਣਾਂ ਵਿੱਚ ਹਿੰਦੂਆਂ ਦੀਆਂ ਵੋਟਾਂ ਦਾ ਲਾਹਾ ਲੈਣ ਲਈ ਕੀਤੀ ਹੈ ਪਰ ਇਸ ਦਾ ਅਸਰ ਪੰਜਾਬ ਵਿੱਚ ਹੋਇਆ ਹੈ। ਦੂਜੇ ਪਾਸੇ ਵਿਰੋਧੀਆਂ ਵੱਲੋਂ ਇਸ ਮਾਮਲੇ 'ਤੇ 'ਆਪ' ਨੂੰ ਘੇਰਿਆ ਹੈ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਅਪੀਲ ਕੀਤੀ। ਉਨ੍ਹਾਂ ਦੀ ਅਪੀਲ ਤੋਂ ਕੁਝ ਸਮੇਂ ਬਾਅਦ 'ਆਪ' ਦਿੱਲੀ ਦੇ ਕੁਝ ਸੀਨੀਅਰ ਆਗੂਆਂ ਨੇ ਕੇਜਰੀਵਾਲ ਦੇ ਬਿਆਨ ਦੀ ਹਮਾਇਤ ਕੀਤੀ। ਦੂਜੇ ਪਾਸੇ ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ 'ਆਪ' ਸੁਪਰੀਮੋ ਹਿੰਦੂਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਜਿਹੇ ਬਿਆਨ ਦੇ ਰਹੇ ਹਨ। ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਗਾ ਕੇ ਵੋਟਾਂ ਹਾਸਲ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ 'ਆਪ' ਬਦਲਾਅ ਦੀਆਂ ਗੱਲਾਂ ਕਰਦੀ ਸੀ ਪਰ ਅੱਜ ਦੇਸ਼ ਦੇ ਆਰਥਿਕ ਹਾਲਾਤ ਨੂੰ ਦੇਖਦੇ ਹੋਏ ਉਹ ਵੀ ਧਰਮ ਦੀ ਰਾਜਨੀਤੀ ਕਰਨ ਲੱਗ ਪਈ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਅਜਿਹੇ ਬਿਆਨ ਨਾਲ ਆਪਣਾ ਅਸਲ ਰੰਗ ਜੱਗ ਜ਼ਾਹਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਾ ਖੁਦ ਨੂੰ ਕੱਟੜ ਹਿੰਦੂ ਸਾਬਤ ਕਰਨਾ ਦੇਸ਼ ਦੀ ਧਰਮ-ਨਿਰਪੱਖਤਾ ਨੂੰ ਢਾਹ ਲਾ ਸਕਦਾ ਹੈ।



HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਵਿਜੀਲੈਂਸ ਬਿਓਰੋ ਨੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਦੁਆਲੇ ਸ਼ਿਕੰਜਾ ਕੱਸਿਆ

ਚੰਡੀਗੜ੍ਹ-ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਅਤੇ ਕਾਂਗਰਸ ਆਗੂ ਭਾਰਤ ਭੂਸ਼ਨ ਆਸ਼ੂ ਦੁਆਲੇ ਕਾਨੂੰਨੀ ਸ਼ਿਕੰਜਾ ਹੋਰ ਕੱਸ ਲਿਆ ਹੈ। ਕਾਂਗਰਸ ਸਰਕਾਰ ਸਮੇਂ ਹੋਏ ਕਥਿਤ ਖੁਰਾਕ ਘੁਟਾਲੇ ਦੇ ਮਾਮਲੇ ਵਿੱਚ ਆਸ਼ੂ ਖ਼ਿਲਾਫ਼ ਅੱਜ ਫਿਰੋਜ਼ਪੁਰ ’ਚ ਇਕ ਹੋਰ ਕੇਸ ਦਰਜ ਕੀਤਾ ਗਿਆ ਹੈ। ਉਸ ਖ਼ਿਲਾਫ਼ ਹੁਣ ਤੱਕ ਲੁਧਿਆਣਾ, ਫ਼ਰੀਦਕੋਟ ਅਤੇ ਨਵਾਂਸ਼ਹਿਰ ਸਮੇਤ ਚਾਰ ਥਾਵਾਂ ’ਤੇ ਕੇਸ ਦਰਜ ਹੋ ਚੁੱਕੇ ਹਨ। ਵਿਜੀਲੈਂਸ ਵੱਲੋਂ ਖੁਰਾਕ ਘੁਟਾਲੇ ਅਤੇ ਟੈਂਡਰਾਂ ਦੀ ਅਲਾਟਮੈਂਟ ਦੇ ਮਾਮਲੇ ਦੀ ਦਸ ਦੇ ਕਰੀਬ ਹੋਰ ਥਾਵਾਂ ’ਤੇ ਪੜਤਾਲ ਚੱਲ ਰਹੀ ਹੈ। ਵਿਜੀਲੈਂਸ ਸੂਤਰਾਂ ਮੁਤਾਬਕ ਇਸ ਮਾਮਲੇ ਵਿੱਚ ਇੱਕ ਦਰਜਨ ਦੇ ਕਰੀਬ ਕੇਸ ਦਰਜ ਹੋਣ ਦੀ ਸੰਭਾਵਨਾ ਹੈ। ਪੰਜਾਬ ਹਰਿਆਣਾ ਹਾਈ ਕੋਰਟ ਸਾਬਕਾ ਮੰਤਰੀ ਦੀ ਇੱਕ ਮਾਮਲੇ ਵਿੱਚ ਜ਼ਮਾਨਤ ਰੱਦ ਕਰ ਚੁੱਕਾ ਹੈ। ਜੇਕਰ ਵਿਜੀਲੈਂਸ ਵੱਲੋਂ ਇੱਕ ਤੋਂ ਵੱਧ ਮਾਮਲਿਆਂ ਵਿੱਚ ਆਸ਼ੂ ਨੂੰ ਨਾਮਜ਼ਦ ਕੀਤਾ ਜਾਂਦਾ ਹੈ ਤਾਂ ਉਸ ਨੂੰ ਲੰਮਾ ਸਮਾਂ ਜੇਲ੍ਹ ਵਿੱਚ ਗੁਜ਼ਾਰਨਾ ਪੈ ਸਕਦਾ ਹੈ। ਵਿਜੀਲੈਂਸ ਵੱਲੋਂ ਆਸ਼ੂ ਨੂੰ ਹੁਣ ਤੱਕ ਲੁਧਿਆਣਾ ਅਤੇ ਨਵਾਂਸ਼ਹਿਰ ਵਿੱਚ ਦਰਜ ਮਾਮਲਿਆਂ ਵਿੱਚ ਨਾਮਜ਼ਦ ਕੀਤਾ ਜਾ ਚੁੱਕਾ ਹੈ ਜਦਕਿ ਹੋਰ ਮਾਮਲਿਆਂ ਵਿੱਚ ਸਾਬਕਾ ਮੰਤਰੀ ਦੀ ਭੂਮਿਕਾ ਬਾਰੇ ਪੜਤਾਲ ਤੋਂ ਬਾਅਦ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਵਿਜੀਲੈਂਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਖੁਰਾਕ ਘਪਲੇ ਦਾ ਇਹ ਮਾਮਲਾ ਬੇਹੱਦ ਪੇਚੀਦਾ ਹੈ। ਇਸ ਲਈ ਵਿਜੀਲੈਂਸ ਦੀ ਕੋਸ਼ਿਸ਼ ਹੋਵੇਗੀ ਕਿ ਕੇਸ ਅੰਜਾਮ ਤੱਕ ਪਹੁੰਚਾਇਆ ਜਾਵੇ ਅਤੇ ਜਿਨ੍ਹਾਂ ਵੀ ਅਧਿਕਾਰੀਆਂ ਜਾਂ ਸਿਆਸਤਦਾਨਾਂ ਨੇ ਸਰਕਾਰੀ ਖ਼ਜ਼ਾਨੇ ਨੂੰ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਖਿਲਾਫ਼ ਅਦਾਲਤ ਵਿੱਚ ਕੇਸ ਨੂੰ ਮਜ਼ਬੂਤੀ ਤੇ ਠੋਸ ਤੱਥਾਂ ਦੇ ਅਧਾਰ ’ਤੇ ਲੜਿਆ ਜਾਵੇ। ਅਧਿਕਾਰੀ ਨੇ ਕਿਹਾ ਕਿ ਸੂਬੇ ਵਿੱਚ ਪੜਤਾਲ ਦੌਰਾਨ ਮੁੱਢਲੇ ਤੌਰ ’ਤੇ ਇਹੀ ਤੱਥ ਸਾਹਮਣੇ ਆਏ ਹਨ ਕਿ ਆਸ਼ੂ ਦੇ ਇਸ਼ਾਰੇ ’ਤੇ ਹੀ ਇਹ ਵੱਡਾ ਘਪਲਾ ਹੋਇਆ ਹੈ। ਵਿਜੀਲੈਂਸ ਅਧਿਕਾਰੀਆਂ ਮੁਤਾਬਕ ਖੁਰਾਕ ਘਪਲੇ ਦੇ ਮਾਮਲੇ ਵਿੱਚ ਇਸ ਸਮੇਂ ਪਟਿਆਲਾ, ਸੰਗਰੂਰ, ਬਰਨਾਲਾ, ਜਲੰਧਰ, ਅੰਮ੍ਰਿਤਸਰ, ਤਰਨ ਤਾਰਨ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਹੋਰ ਥਾਵਾਂ ’ਤੇ ਪੜਤਾਲ ਚੱਲ ਰਹੀ ਹੈ। ਜਿਨ੍ਹਾਂ ਥਾਵਾਂ ’ਤੇ ਪੜਤਾਲ ਮੁਕੰਮਲ ਹੋ ਰਹੀ ਹੈ, ਉਨ੍ਹਾਂ ਜ਼ਿਲ੍ਹਿਆਂ ਵਿੱਚ ਵਿਜੀਲੈਂਸ ਵੱਲੋਂ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਵਿਜੀਲੈਂਸ ਨੇ ਭਾਰਤ ਭੂਸ਼ਨ ਆਸ਼ੂ ਦੀ ਗ੍ਰਿਫ਼ਤਾਰੀ ਲੁਧਿਆਣਾ ’ਚ ਦਰਜ ਮਾਮਲੇ ਵਿੱਚ ਅਗਸਤ ਮਹੀਨੇ ਦੌਰਾਨ ਪਾਈ ਸੀ। ਉਸ ਤੋਂ ਬਾਅਦ ਸਾਬਕਾ ਮੰਤਰੀ ਨੂੰ ਨਵਾਂਸ਼ਹਿਰ ਜ਼ਿਲ੍ਹੇ ’ਚ ਦਰਜ ਮਾਮਲੇ ਵਿੱਚ ਗ੍ਰਿਫ਼ਤਾਰ ਕਰਕੇ ਪੁੱਛ-ਪੜਤਾਲ ਕੀਤੀ ਗਈ। ਇਨ੍ਹਾਂ ਮਾਮਲਿਆਂ ਵਿੱਚ ਠੇਕੇਦਾਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਵਿਭਾਗੀ ਅਫ਼ਸਰਾਂ ਨੂੰ ਤਫ਼ਤੀਸ਼ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ।



ਵਿਜੀਲੈਂਸ ਅਧਿਕਾਰੀਆਂ ਨੇ ਕਿਹਾ ਕਿ ਕਣਕ ਅਤੇ ਝੋਨੇ ਦੀ ਖਰੀਦ ਸੀਜ਼ਨ ਦੌਰਾਨ ਅਨਾਜ ਦੀ ਢੋਆ-ਢੁਆਈ ਦੇ ਟੈਂਡਰ ਆਮ ਤੌਰ ’ਤੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਬਣੀਆਂ ਕਮੇਟੀਆਂ ਵੱਲੋਂ ਹੀ ਦਿੱਤੇ ਜਾਂਦੇ ਸਨ। ਕਾਂਗਰਸ ਹਕੂਮਤ ਸਮੇਂ ਟੈਂਡਰਾਂ ਦੀ ਅਲਾਟਮੈਂਟ ਦਾ ਕੰਮ ਜਦੋਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਇਸ ਕੰਮ ਵਿੱਚ ਤਤਕਾਲੀ ਮੰਤਰੀ ਵੱਲੋਂ ਅਸਿੱਧੇ ਤੌਰ ’ਤੇ ਭੂਮਿਕਾ ਨਿਭਾਈ ਗਈ ਸੀ। ਵਿਜੀਲੈਂਸ ਦੀ ਪੜਤਾਲ ਮੁਤਾਬਕ ਵਿਭਾਗ ਦੇ ਇੱਕ ਅਧਿਕਾਰੀ ਨੂੰ ਮੂਹਰੇ ਲਾ ਕੇ ਠੇਕੇਦਾਰਾਂ ਨਾਲ ਹਿੱਸਾ-ਪੱਤੀ ਕੀਤੀ ਗਈ। ਇਸ ਕੰਮ ਵਿੱਚ ਕਾਂਗਰਸ ਦੇ ਹਲਕਾ ਇੰਚਾਰਜ, ਵਿਧਾਇਕ ਅਤੇ ਇੱਥੋਂ ਤੱਕ ਕਿ ਹੋਰ ਮੰਤਰੀ ਵੀ ਕਥਿਤ ਤੌਰ ’ਤੇ ਸ਼ਾਮਲ ਸਨ। ਸੂਤਰਾਂ ਮੁਤਾਬਕ ਖੁਰਾਕ ਤੇ ਸਿਵਲ ਸਪਲਾਈ ਵਿਭਾਗ ’ਚ ਟਰਾਂਸਪੋਰਟ, ਲੇਬਰ ਅਤੇ ਹੋਰ ਕੰਮਾਂ ਨਾਲ ਜੁੜੇ ਵਿੱਤੀ ਲੈਣ-ਦੇਣ ਦੇ ਮਾਮਲੇ ਵਿੱਚ ਕਾਂਗਰਸ ਦੇ ਕਰੀਬ 30 ਆਗੂਆਂ ਦੀ ਭੂਮਿਕਾ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਕਾਂਗਰਸ ਰਾਜ ਦੌਰਾਨ ਰਾਜਸਥਾਨ ਅਤੇ ਯੂਪੀ ਆਦਿ ਸੂਬਿਆਂ ਤੋਂ ਸਸਤਾ ਝੋਨਾ ਲਿਆ ਕੇ ਪੰਜਾਬ ਦੀਆਂ ਮੰਡੀਆਂ ’ਚ ਵੇਚਣ, ਕਰੋਨਾ ਕਾਲ ਦੌਰਾਨ ਖੁਰਾਕ ਕਿੱਟਾਂ ਦੀ ਸਪਲਾਈ, ਬਾਰਦਾਨੇ ਦੀ ਖ਼ਰੀਦ ’ਚ ਗੜਬੜੀਆਂ ਦੇ ਸ਼ੰਕੇ ਦੀਆਂ ਰਿਪੋਰਟਾਂ ਆਉਣ ਲੱਗੀਆਂ ਹਨ।








# ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਸ਼ਰਧਾ ਨਾਲ ਮਨਾਇਆ ਗਿਆ

ਸਰੀ (ਹਰਦਮ ਮਾਨ)-ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦੁਆਰਾ ਨਾਨਕ ਨਿਵਾਸ,ਰਿਚਮੰਡ) ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਸਵੇਰ ਤੋਂ ਹੀ ਸੰਗਤਾਂ ਗੁਰਦਆਰਾ ਸਾਹਿਬ ਵਿਖੇ ਨਤਮਸਤਕ ਹੋਣੀਆਂ ਸ਼ੁਰੂ ਹੋ ਗਈਆਂ। ਸ਼ਾਮ ਤੱਕ ਖ਼ੂਬ ਰੌਣਕਾਂ ਲੱਗਣ ਲਗ ਗਈਆਂ। ਦਰਬਾਰ ਹਾਲ ਅਤੇ ਲੰਗਰ ਹਾਲ ਸੰਗਤਾਂ ਨਾਲ ਭਰ ਗਏ। ਗਿਆਨੀ ਨਵਨੀਤ ਸਿੰਘ, ਗਿਆਨੀ ਗੁਰਜੋਤ ਸਿੰਘ ਹੁਰਾਂ ਨੇ ਬਹੁਤ ਹੀ ਮਧੁਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀਆਂ ਨੇ ਸਵੇਰ ਤੋਂ ਹੀ ਲੰਗਰ ਦੀ ਸੇਵਾ ਸ਼ੁਰੂ ਕਰ ਦਿੱਤੀ ਅਤੇ ਸਾਰਾ ਦਿਨ ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਸੇਵਾ ਕੀਤੀ। ਸੇਵਾਦਾਰ ਸਾਰਾ ਦਿਨ ਬਹੁਤ ਹੀ ਸ਼ਰਧਾ ਨਾਲ ਸੇਵਾ ਕਰਦੇ ਰਹੇ। ਇਸ ਸਾਲ ਖ਼ੁਸ਼ਕ ਮੌਸਮ ਕਰਕੇ ਅਤੇ ਅੱਗ ਲੱਗਣ ਦੇ ਡਰੋਂ ਸਿਟੀ ਵੱਲੋਂ ਆਤਿਸ਼ਬਾਜੀਆਂ ਚਲਾਉਣ ਲਈ ਪਰਮਿਟ ਨਾ ਮਿਲਣ ਕਰਕੇ ਪਿਛਲੇ ਸਾਲਾਂ ਦੀ ਤਰ੍ਹਾਂ ਗੁਰੂ ਘਰ ਵਿਖੇ ਫਾਇਰਵਰਕਸ ਨਹੀਂ ਹੋ ਸਕੇ। ਇਸ ਦੇ ਬਾਵਜੂਦ ਵੀ ਸੰਗਤਾਂ ਨੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਦਾ ਪੂਰਾ ਆਨੰਦ ਮਾਣਿਆ। ਸ. ਸੰਘੇੜਾ ਨੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਗੁਰਦਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਭ ਸੰਗਤਾਂ, ਸੇਵਾਦਾਰਾਂ ਅਤੇ ਕੀਰਤਨੇ ਜਥੇ ਦਾ ਧੰਨਵਾਦ ਕੀਤਾ।

# ਜਰਨੈਲ ਸਿੰਘ ਆਰਟਿਸਟ ਵੱਲੋਂ ਬਣਾਇਆ ਚਰਨਪਾਲ ਗਿੱਲ ਦਾ ਪੋਰਟਰੇਟ ਲੋਕ ਅਰਪਣ

ਸਰੀ (ਹਰਦਮ ਮਾਨ)- ਬੀਤੇ ਦਿਨੀਂ ਪਿਕਸ ਸੰਸਥਾ ਦੇ ਬਾਨੀ ਅਤੇ ਭਾਈਚਾਰੇ ਲਈ ਵਰਨਣਯੋਗ ਸੇਵਾਵਾਂ ਨਿਭਾਉਣ ਵਾਲੇ ਮਰਹੂਮ ਚਰਨਪਾਲ ਗਿੱਲ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸਰੀ ਆਰਟ ਗੈਲਰੀ ਸਰੀ ਵਿਖੇ ਸਮਾਗਮ ਕਰਵਾਇਆ ਗਿਆ। ਚਰਨਪਾਲ ਗਿੱਲ ਦੇ ਪਰਿਵਾਰ,ਰਾਣੀ ਗਿੱਲ,ਜੈਕ ਗਿੱਲ ਅਤੇ ਪਾਲ ਗਿੱਲ ਵੱਲੋਂ ਗੈਲਰੀ ਅਤੇ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿਚ ਸਵ. ਗਿੱਲ ਦੀਆਂ ਪਰਿਵਾਰਕ ਯਾਦਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਉਹਨਾਂ ਦੇ ਦੋਸਤਾਂ ਮਿੱਤਰਾਂ ਤੇ ਸਹਿਯੋਗੀਆਂ ਵੱਲੋਂ ਉਹਨਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਬੀ.ਸੀ. ਦੇ ਸਿਹਤ ਮੰਤਰੀ ਐਡਰਿਅਨ ਡਿਕਸ, ਬੀ.ਸੀ. ਵਿਧਾਨ ਸਭਾ ਦੇ ਸਪੀਕਰ ਅਤੇ ਫਾਰਮ ਵਰਕਰਜ਼ ਯੂਨੀਅਨ ਦੇ ਫਾਊਂਡਰ ਪ੍ਰਧਾਨ ਰਾਜ ਚੌਹਾਨ, ਸਾਬਕਾ ਮੰਤਰੀ ਜੂਡੀ ਕਵਾਨਾ, ਨਸਲਵਾਦ ਵਿਰੋਧੀ ਕਮੇਟੀ ਦੇ ਸਰਵਣ ਬੋਇਲ, ਪਿਕਸ ਦੇ ਮਹਿੰਦਰ ਕੰਗ ਅਤੇ ਦਵਿੰਦਰ ਚੱਠਾ ਨੇ ਉਹਨਾਂ ਨਾਲ ਆਪਣੀ ਦੋਸਤੀ, ਕੰਮ ਕਾਜ ਅਤੇ ਜੱਦੋ ਜਹਿਦ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਬੁਲਾਰਿਆਂ ਨੇ ਉਹਨਾਂ ਵੱਲੋਂ ਫਾਰਮ ਵਰਕਰਾਂ ਦੀ ਬਿਹਤਰੀ ਲਈ ਅਤੇ ਨਸਲਵਾਦ ਖਿਲਾਫ ਸੰਘਰਸ਼ ਵਿਚ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਜਾਣੇ ਪਹਿਚਾਣੇ ਆਰਟਿਸਟ ਜਰਨੈਲ ਸਿੰਘ ਨੇ ਚਰਨਪਾਲ ਗਿੱਲ ਨਾਲ ਜੁੜੀਆਂ ਨਿਜੀ ਸਾਂਝਾਂ ਅਤੇ ਕਾਮਾਗਾਟਾਮਾਰੂ ਦੇ ਵਿਸ਼ਾਲ ਕੰਧ ਚਿਤਰ ਬਨਾਉਣ ਦੇ ਤਜਰਬੇ ਸਾਂਝੇ ਕੀਤੇ। ਅਖੀਰ ਵਿਚ ਉਹਨਾਂ ਵੱਲੋਂ ਬਣਾਏ ਗਏ ਚਰਨਪਾਲ ਗਿੱਲ ਦੇ ਪੋਰਟਰੇਟ ਉੱਪਰੋਂ ਪਰਦਾ ਚੁੱਕ ਕੇ ਲੋਕ ਅਰਪਣ ਕਰਨ ਦੀ ਰਸਮ ਕੀਤੀ ਗਈ ਅਤੇ ਇਸ ਦਾ ਭਰਪੂਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ।



# ਡੇਵਿਡ ਇਬੀ ਬੀ.ਸੀ. ਦੇ ਨਵੇਂ ਪ੍ਰੀਮੀਅਰ ਵਜੋਂ 18 ਨਵੰਬਰ ਨੂੰ ਸਹੁੰ ਚੁੱਕਣਗੇ



ਸਰੀ (ਹਰਦਮ ਮਾਨ)-ਡੇਵਿਡ ਇਬੀ ਬੀ.ਸੀ. ਦੇ ਨਵੇਂ ਪ੍ਰੀਮੀਅਰ ਹੋਣਗੇ ਅਤੇ ਉਹ 18 ਨਵੰਬਰ ਨੂੰ ਸੂਬੇ ਦੇ 37ਵੇਂ ਪ੍ਰੀਮੀਅਰ ਵਜੋਂ ਸਹੁੰ ਚੁੱਕਣਗੇ। ਬੀ.ਸੀ. ਦੀ ਲੈਫਟੀਨੈਂਟ ਗਵਰਨਰ ਜੈਨੇਟ ਔਸਟਿਨ ਨੇ ਅੱਜ ਸੂਬੇ ਦੇ ਪ੍ਰੀਮੀਅਰ ਜੌਨ ਹੌਰਗਨ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਜੌਨ ਹੌਰਗਨ ਦੀ ਸਲਾਹ ਪ੍ਰਵਾਨ ਕਰ ਲਈ ਹੈ ਕਿ ਡੇਵਿਡ ਇਬੀ ਨੂੰ ਸੂਬੇ ਦਾ ਨਵਾਂ ਪ੍ਰੀਮੀਅਰ ਬਣਾਇਆ ਜਾਵੇ। ਇਸੇ ਦੌਰਾਨ ਲਿਊਟਨੈਂਟ ਗਵਰਨਰ ਨੇ ਪ੍ਰੀਮੀਅਰ ਜੌਨ ਹੌਰਗਨ ਦਾ ਅਸਤੀਫਾ ਵੀ ਮਨਜ਼ੂਰ ਕਰ ਲਿਆ ਹੈ ਪਰ ਉਹ ਡੇਵਿਡ ਇਬੀ ਦੇ ਸਹੁੰ ਚੁੱਕਣ ਤੱਕ ਪ੍ਰੀਮੀਅਰ ਬਣੇ ਰਹਿਣਗੇ। ਜ਼ਿਕਰਯੋਗ ਹੈ ਕਿ ਕਿੱਤੇ ਵਜੋਂ ਵਕੀਲ ਡੇਵਿਡ ਇਬੀ ਦਾ ਜਨਮ 21 ਜੁਲਾਈ, 1976 ਨੂੰ ਹੋਇਆ ਸੀ ਅਤੇ ਉਹ ਵੈਨਕੂਵਰ-ਪੁਆਇੰਟ ਗ੍ਰੇ ਹਲਕੇ ਤੋਂ 2013 ਵਿਚ ਪਹਿਲੀ ਵਾਰ ਐਮ.ਐਲ.ਏ. ਬਣੇ ਸਨ। 2017 ਤੋਂ 2022 ਤੱਕ ਉਹ ਅਟਾਰਨੀ ਜਨਰਲ ਰਹੇ ਅਤੇ ਜੌਨ ਹੌਰਗਨ ਦੇ ਮੰਤਰੀ ਮੰਡਲ ਵਿਚ ਹਾਊਸਿੰਗ ਮੰਤਰੀ ਵਜੋਂ ਕਾਰਜ ਕੀਤਾ ਹੈ। ਉਹ 21 ਅਕਤੂਬਰ 2022 ਤੋਂ ਬ੍ਰਿਟਿਸ਼ ਕੋਲੰਬੀਆ ਨਿਊ ਡੈਮੋਕ੍ਰੇਟਿਕ ਪਾਰਟੀ (ਐਨਡੀਪੀ) ਦੇ ਨੇਤਾ ਚੁਣੇ ਗਏ ਹਨ।

GAGAN NAHAL CRIMINAL LAWYER
ਗਗਨ ਨਾਹਲ ਕ੍ਰਿਮੀਨਲ ਵਕੀਲ
ਬੀ. ਸੀ, ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਦੀਆਂ ਕੋਰਟਾ ਵਿਚ ਕਈ ਕੇਸ ਜਿੱਤ ਚੁੱਕੇ ਹਨ

- Homicide
- Assault Charges
- Driving Offences
- Drug Charges
- Theft/Fraud
- Harrasment
- Sexual Assault
- Kidnaping
- Uttering Threats
- Firearm Offences

Successfully represented clients in BC, Alberta, Manitoba & Ontario

- ਹਮਲੇ ਦੇ ਕੇਸ
- ਕਤਲ ਦੇ ਕੇਸ
- ਡਰਾਈਵਿੰਗ ਦੇ ਕੇਸ
- ਡੱਰਗ ਚਾਰਜ
- ਚੋਰੀ/ਫਰਾਡ
- ਹਰਾਸਮੈਂਟ
- ਸੈਕਸ਼ੂਅਲ ਅਸਾਲਟ
- ਅਗਵਾ ਕਰਨ ਦੇ ਕੇਸ
- ਧਮਕੀਆਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ
- ਹਥਿਆਰਾਂ ਦੇ ਕੇਸ

ਅਸੀਂ ਪੰਜਾਬੀ ਤੇ ਹਿੰਦੀ ਬੋਲਦੇ ਹਾਂ



ਅੱਜ ਹੀ ਮੁਫਤ ਸਲਾਹ ਲਈ ਸੰਪਰਕ ਕਰੋ
GAGAN NAHAL
Ph: 604-527-4769
Email: gagan@gagannahal.com
Website: www.gagannahal.com
#202-6625-152A Street Surrey, BC

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤ ਲਾਇ॥ ਮਨਿ ਚਿੰਦਿਆ ਫਲ ਪਾਵਣਾ ਹਉਮੈ ਵਿਚਹੁ ਜਾਇ॥

KHALSA DIWAN SOCIETY VANCOUVER

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ

## ਦੀ ਪ੍ਰਬੰਧਕ ਕਮੇਟੀ 2016-2022 ਦੀਆਂ ਪ੍ਰਾਪਤੀਆਂ ਤੇ ਉਦੇਸ਼:

## ਚੋਣ ਮੈਨੀਫੈਸਟੋ ਉਦੇਸ਼

1. ਅਸੀਂ ਸ਼ਬਦ ਗੁਰੂ ਦੇ ਸਰਵੋਤਮ ਕੇਂਦਰ ਸ੍ਰੀ ਅਕਾਲ ਤਖ਼ਤ ਦਾ ਸਤਿਕਾਰ ਕਰਦੇ ਹਾਂ ਤੇ ਕਰਦੇ ਰਹਾਂਗੇ।
2. ਗਦਰੀ ਬਾਬਿਆਂ ਵੱਲੋਂ ਮੁੱਢਲੀ ਚਲਾਈ ਹੋਈ ਮੇਜ਼ ਕੁਰਸੀਆਂ ’ਤੇ ਬੈਠ ਕੇ ਲੰਗਰ ਛੱਕਣ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਜਾਵੇਗਾ।
3. ਗੁਰੂ ਅਮਰਦਾਸ ਜੀ ਵਾਲੀ ਜਗ੍ਹਾ ਨੂੰ ਰੀ-ਜ਼ੋਨਿੰਗ ਕਰਾਇਆ ਜਾਵੇਗਾ। ਸੰਪੂਰਨ ਰੂਪ ਵਿਚ ਉਚ ਪੱਧਰੀ ਐਲੀਮੈਂਟਰੀ ਸਕੂਲ ਗੁਰੂ ਅਮਰਦਾਸ ਜੀ ਦੇ ਨਾਂ ’ਤੇ ਬਣਾਇਆ ਜਾਵੇਗਾ ਅਤੇ ਸੀਨੀਅਰ ਵਾਸਤੇ ਨਰਸਿੰਗ ਹੋਮ ਅਤੇ ਕੇਅਰ ਹੋਮ ਖੋਲ੍ਹਣ ਦਾ ਉਪਰਾਲਾ ਕੀਤਾ ਜਾਵੇਗਾ।
4. ਗੁਰਦੁਆਰਾ ਸਾਹਿਬ ਦੇ ਲਾਗਲੇ 5 ਸਕੂਲਾਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ। ਕੁਝ ਮਹੀਨਿਆਂ ਵਿੱਚ ਪੰਜਾਬੀ ਦੀਆਂ ਕਲਾਸਾਂ ਦੁਬਾਰਾ ਸ਼ੁਰੂ ਹੋਣ ਜਾ ਰਹੀਆਂ ਹਨ। ਦੋ ਦਿਨ ਗੁਰਦੁਆਰਾ ਸਾਹਿਬ ਵਿੱਚ ਵੀ ਪੰਜਾਬੀ ਪੜ੍ਹਾਈ ਜਾਂਦੀ ਹੈ।
5. ਅੱਠ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਜੀਫ਼ੇ ਦਿੱਤੇ ਗਏ। ਅਗਲੇ ਸਾਲ ਤੋਂ ਹੋਰ ਜਿਆਦਾ ਵਿਦਿਆਰਥੀਆਂ ਨੂੰ ਵਜੀਫ਼ੇ ਦਿੱਤੇ ਜਾਣਗੇ।
6. ਕਮਿਊਨਿਟੀ ਅੱਗੇ ਆ ਰਹੇ ਦਰਪੇਸ਼ ਮਸਲੇ ਡਰੱਗਜ਼, ਸ਼ਰਾਬ ਤੇ ਗੈਂਗਵਾਰ ’ਤੇ ਕੌਂਸਲਿੰਗ ਕਰਾਈ ਜਾਵੇਗੀ। ਰੋਕਥਾਮ ਲਈ ਉਚਿਤ ਉਪਰਾਲੇ ਕੀਤੇ ਜਾਣਗੇ।
7. ਨਗਰ ਕੀਰਤਨ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਪੱਧਰ ਤੇ ਸਜਾਇਆ ਜਾਵੇਗਾ ਅਤੇ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਤੇਜ਼ ਕੀਤਾ ਜਾਵੇਗਾ।
8. ਗੁਰਦੁਆਰਾ ਸਾਹਿਬ ਹਰ ਸਾਲ ਬੱਬਰ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਖੇਡ ਮੇਲਾ ਕਬੱਡੀ, ਘੋਲ, ਐਥਲੈਟਿਕਸ, ਸੋਕਰ, ਵਾਲੀਬਾਲ, ਹਾਕੀ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ।
9. ਸਿੱਖ ਸੰਗਤ ਵਿਚ ਸਹਿਜਧਾਰੀ ਤੇ ਅੰਮ੍ਰਿਤਧਾਰੀ ਸਿੱਖ ਵਿਚਕਾਰ ਭੇਦਭਾਵ ਖਤਮ ਕਰਨ ਦਾ ਯਤਨ ਕਰਦੇ ਹਾਂ ਤੇ ਅਗਾਂਹ ਵੀ ਕਰਦੇ ਰਹਾਂਗੇ।
10. ਮੈਰੀਨ ਡਰਾਈਵ ’ਤੇ ਖਾਲਸਾ ਦੀਵਾਨ ਰੋਡ ਤੇ ਇਲੈਕਟਰੋਨਿਕ ਬੋਰਡ ਲਗਾਇਆ ਜਾਵੇਗਾ ਤੇ ਉਥੇ ਜਾਣਕਾਰੀ ਉਪਲਬਧ ਕੀਤੀ ਜਾਇਆ ਕਰੇਗੀ।
11. ਗੁਰਦੁਆਰਾ ਸਾਹਿਬ ਦੁਆਰਾ ਦਿੱਤੀਆਂ ਸਮਾਜਿਕ ਸੇਵਾਵਾਂ ਟੈਕਸ ਭਰਨ, ਸਿਟੀਜ਼ਨਸ਼ਿਪ ਲਈ ਤਿਆਰੀ ਕਰਨਾ, ਪਾਸਪੋਰਟ ਲਈ ਅਪਲਾਈ ਕਰਨਾ ਅਤੇ ਹੋਰ ਅਨੇਕਾਂ ਪ੍ਰਕਾਰ ਦੀਆਂ ਜਾਣਕਾਰੀਆਂ ਰਿਸੋਰਸ ਸੈਂਟਰ ਰਾਹੀਂ ਉਪਲਬੱਧ ਕੀਤੀਆਂ ਜਾਂਦੀਆਂ ਹਨ ਤੇ ਕੀਤੀਆਂ ਜਾਂਦੀਆਂ ਰਹਿਣਗੀਆਂ।
12. ਗੁਰੂ ਘਰ ਵੱਲੋਂ ਸਿਹਤ ਸੇਵਾਵਾਂ ਦੇ ਪ੍ਰੋਗਰਾਮਾਂ ਨੂੰ ਸੰਗਤਾਂ ਦੀਆਂ ਲੋੜਾਂ ਅਨੁਸਾਰ ਚੰਗੇਰਾ ਬਣਾਇਆ ਜਾਵੇਗਾ।
13. ਗੁਰੂਘਰ ਦਾ ਪ੍ਰਬੰਧ ਵਧੀਆ ਤਰੀਕੇ ਨਾਲ ਚਲਾਉਣ ਲਈ ਸਬਕਮੇਟੀਆਂ ਬਣਾਈਆਂ ਜਾਣਗੀਆਂ।

## ਪ੍ਰਾਪਤੀਆਂ

1. 1997 ਵਿੱਚ ਗੁਰਦੁਆਰਾ ਸਾਹਿਬ ਉਤੇ 37 ਲੱਖ ਦਾ ਕਰਜ਼ਾ ਸੀ। ਇਸ ਵਕਤ ਗੁਰਦੁਆਰਾ ਸਾਹਿਬ ਦੀ RENOVATION ਅਤੇ EXTENSION ਕਰਨ ਤੋਂ ਉਪਰੰਤ ਤੇ ਨਵਾਂ ਫਲੋਟ ਬਣਾ ਕੇ ਹੁਣ ਸਿਰਫ਼ 9 ਲੱਖ 86 ਹਜ਼ਾਰ ਦੀ ਮੋਰਟਗੇਜ਼ ਹੈ। ਗੁਰਦੁਆਰਾ ਸਾਹਿਬ ਦੇ ਬੈਂਕ ਅਕਾਊਂਟ ਵਿੱਚ 6 ਲੱਖ ਡਾਲਰ ਤੋਂ ਜਿਆਦਾ ਜਮ੍ਹਾਂ ਹੈ। ਜੇਕਰ ਆਉਣ ਵਾਲੇ ਸਮਿਆਂ ਵਿੱਚ ਇਸ ਤਰ੍ਹਾਂ ਹੀ ਸੰਗਤਾਂ ਦਾ ਸਹਿਯੋਗ ਮਿਲਦਾ ਰਿਹਾ ਤੇ ਵਾਹਿਗੁਰੂ ਜੀ ਦੀ ਕਿਰਪਾ ਨਾਲ ਅਗਲੇ ਕੁਝ ਕੁ ਮਹੀਨਿਆਂ ਵਿੱਚ ਹੀ ਗੁਰਦੁਆਰਾ ਸਾਹਿਬ ਕਰਜ਼ ਮੁਕਤ ਹੋ ਜਾਵੇਗਾ।
2. ਗੁਰਦੁਆਰੇ ਦੀ ਸੰਪੂਰਨ ਰੈਨੋਵੇਸ਼ਨ ਅਤੇ ਕੰਨਸਟਰਕਸ਼ਨ ਕੀਤੀ ਗਈ, ਜਿਸ ਵਿਚ ਏਅਰ ਕੰਡੀਸ਼ਨ, ਸਪਰਿੰਕਲਰ ਸਿਸਟਮ, ਬਜ਼ੁਰਗਾਂ ਲਈ ਲਿਫਟ, ਪਾਰਕਿੰਗ ਵਿਚ ਨਵੀਆਂ ਲਾਈਟਾਂ ਤੇ ਨਵੀਂ ਬਲੈਕ ਟੋਪ ਪਾਈ ਗਈ, ਨਵੇਂ ਸਾਫ਼-ਸੁਥਰੇ ਵਾਸ਼-ਰੂਮ, ਨਵੀਆਂ ਟੀ.ਵੀ. ਸਕਰੀਨਾਂ 68 ਸਕਿਓਰਿਟੀ ਕੈਮਰੇ ਲਗਾਏ ਗਏ। ਲੰਗਰ ਦੇ ਬਾਹਰੋਂ ਤੇ ਫਰੰਟ ਤੋਂ ਲੈ ਕੇ 7500 ਸੁਕੇਅਰ ਫੁੱਟ ਦਾ ਵਾਧਾ ਕੀਤਾ ਗਿਆ। ਗੁਰੂ ਘਰ ਦੀ ਨਵੀਂ ਛੱਤ ਦੀ ਉਸਾਰੀ ਕੀਤੀ ਗਈ। ਵਧੀਆ ਲੈਂਡ ਸਕੇਪਿੰਗ ਕੀਤੀ ਗਈ।
3. ਨਗਰ ਕੀਰਤਨ ਵਾਸਤੇ ਨਵਾਂ ਫਲੋਟ 1 ਲੱਖ 50 ਹਜ਼ਾਰ ਦੀ ਲਾਗਤ ਨਾਲ ਤਿਆਰ ਕਰਕੇ ਉਸ ਨੂੰ ਸੁਚੱਜੇ ਥਾਂ ’ਤੇ ਰੱਖਣ ਦੀ ਜਗ੍ਹਾ ਵੀ ਬਣਾਈ ਗਈ।
4. ਪੋਰਟ ਅਲਬਰਨੀ ਖਾਲਸਾ ਦੀਵਾਨ ਸੁਸਾਇਟੀ ਗੁਰੂਘਰ ਵਿਕਣ ਤੇ ਉਨ੍ਹਾਂ ਦਾ 2 ਲੱਖ ਡਾਲਰ ਦਾ ਪੋਰਟ ਅਲਬਰਨੀ ਹਸਪਤਾਲ ਨੂੰ ਦਿੱਤਾ ਗਿਆ, ਜਿੱਥੇ ਚਾਰ ਕਮਰੇ ਖਾਲਸਾ ਦੀਵਾਨ ਸੁਸਾਇਟੀ, ਪੋਰਟ ਅਲਬਰਨੀ ਦੇ ਨਾਂ ’ਤੇ ਬਣਾਏ ਜਾਣਗੇ ਤੇ 25 ਹਜ਼ਾਰ ਡਾਲਰ ਉਥੋਂ ਦੇ ਇੰਡੋ-ਕੈਨੇਡੀਅਨ ਫਿਊਨਰਲ ਹੋਮ ਨੂੰ ਦਿੱਤਾ ਗਿਆ।
5. ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ’ਤੇ ਇੰਟਰਫੇਥ ਸੈਮੀਨਾਰ ਕਰਾਇਆ ਗਿਆ। ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ ਤੇ ਕਥਾ ਦਰਬਾਰ ਕਰਵਾਏ ਗਏ।
6. ਕੋਵਿਡ ਦੀ ਮਹਾਂਮਾਰੀ ਦਰਮਿਆਨ ਸੈਂਕੜੇ ਵਿਦਿਆਰਥੀਆਂ ਨੂੰ ਖਾਣਾ, ਪੈਕ ਕਰਕੇ ਮੁਹੱਈਆ ਕੀਤਾ ਗਿਆ ਤੇ ਲੋੜਵੰਦਾਂ ਨੂੰ ਰਾਸ਼ਨ ਦਿੱਤਾ ਗਿਆ।
7. ਕੋਵਿਡ ਦੇ ਸਮੇਂ ਫਰੰਟ ਲਾਈਨ ’ਤੇ ਕੰਮ ਕਰ ਰਹੇ ਡਾਕਟਰ, ਨਰਸਾਂ ਨੂੰ ਉਚੇਚੇ ਇਕੁਐਪਮਿੰਟ ਸਪਲਾਈ ਕੀਤੇ ਗਏ। ਹਰ ਪ੍ਰਕਾਰ ਦੀ ਮਦਦ ਪਹੁੰਚਾਈ ਗਈ।
8. ਕੋਵਿਡ ਸਮੇਂ ਖਾਲਸਾ ਦੀਵਾਨ ਸੁਸਾਇਟੀ ਨੇ ਬਾਕੀ ਸੁਸਾਇਟੀਆਂ ਦੇ ਸਹਿਯੋਗ ਨਾਲ 1 ਲੱਖ ਡਾਲਰ (58 ਲੱਖ ਰੁਪਏ) ਇਕੱਤਰ ਕਰਕੇ ਦਿੱਲੀ ਦੇ ਗੁਰਦੁਆਰੇ ਨੂੰ ਕੋਵਿਡ ਨਾਲ ਜੂਝ ਰਹੇ ਮਰੀਜ਼ਾਂ ਲਈ ਭੇਜਿਆ, ਜੋ ਸਹੀ ਜਗ੍ਹਾ ’ਤੇ ਇਸਤੇਮਾਲ ਕੀਤਾ ਗਿਆ।
9. 2022 ਨੂੰ ਖਾਲਸੇ ਦੀ ਸਾਜਨਾ ਦਿਵਸ ’ਤੇ 22 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।
10. ਰੋਸ ਸਟਰੀਟ ਦਾ ਨਾਂ 57 ਐਵੀਨਿਊ ਤੋਂ ਮੈਰੀਨ ਡਰਾਈਵ ਤੱਕ ਕੋਸ਼ਿਸ਼ਾਂ ਕਰਕੇ ਖਾਲਸਾ ਦੀਵਾਨ ਰੋਡ ਰੱਖਵਾਇਆ ਗਿਆ।
11. ਇੰਡੀਆ ਤੋਂ ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ ਆਰਡਰ ਕੀਤੀ ਹੈ।
12. ਫੈਡਰਲ ਸਰਕਾਰ ਵੱਲੋਂ 94 ਹਜ਼ਾਰ ਡਾਲਰ ਤੇ ਸੂਬਾ ਸਰਕਾਰ ਵੱਲੋਂ 1 ਲੱਖ 10 ਹਜ਼ਾਰ ਡਾਲਰ ਦੀ ਗਰਾਂਟ ਕੋਸ਼ਿਸ਼ਾਂ ਕਰਕੇ ਪ੍ਰਾਪਤ ਕੀਤੀ ਗਈ।
13. ਅਫਗਾਨਿਸਤਾਨ ਤੋਂ 5 ਭਾਰਤੀ ਮੂਲ ਦੇ ਸ਼ਰਨਾਰਥੀਆਂ ਨੂੰ ਮੰਗਵਾਇਆ ਗਿਆ ਅਤੇ ਲੋੜ ਅਨੁਸਾਰ ਮੱਦਦ ਮੁਹਈਆ ਕੀਤੀ ਗਈ।

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
**hughesco.com**
*for reviews*

# 604.602.1828

**MAIN OFFICE: 505-777 W. BROADWAY, VANCOUVER**
**SURREY OFFICE: 7164, 120 ST, SURREY *(BY APPOINTMENT PLEASE)***
**Email: cedric_hughes@hughesco.com**

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

Bank Turndown?
Could be just
what you need!

Quick
Private
Funds

- $10,000 to $1 Million in just 24 Hours
- Up to $5 Million Available



Call today to get started
SANJEEV KATYAL
604.767.5194
Info@katyalmortgage.ca

invis
Canada's Mortgage Experts™

WWW.KATYALMORTGAGE.CA

# ਰੌਸ ਗੁਰਦੁਆਰਾ ਕਮੇਟੀ ਚੋਣਾਂ ਵਿਚ ਭਾਈ ਸੰਤੋਖ ਸਿੰਘ ਸੂਰੀ ਦੀ ਸਲੇਟ ਵੱਲੋਂ ਸੰਗਤਾਂ ਨੂੰ ਇੱਕ ਮੌਕਾ ਦੇਣ ਦੀ ਅਪੀਲ ਨੂੰ ਸੰਗਤਾਂ ਵੱਲੋਂ ਭਰਵਾਂ ਸਹਿਯੋਗ



ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ KHALSA DIWAN SOCIETY VANCOUVER

# ਸਿੱਖ ਸੰਗਤ ਯੂਨਾਇਟਡ ਫਰੰਟ

# SIKH SANGAT UNITED FRONT

TIMES FOR CHANGE


**Lakhbir Singh Khangura**
ਲਖਬੀਰ ਸਿੰਘ ਖੰਗੂੜਾ
General Secretary
778-895-1453


**Gurmej Singh Purewal**
ਗੁਰਮੇਜ ਸਿੰਘ ਪੁਰੇਵਾਲ
Sr. Vice President
604-325-9404


**Santokh Singh Suri**
ਸੰਤੋਖ ਸਿੰਘ ਸੂਰੀ
President
604-805-7884


**Kuldeep Singh Jagpal**
ਕੁਲਦੀਪ ਸਿੰਘ ਜਗਪਾਲ
Vice President
778-706-5063


**Naib Singh Brar**
ਨੈਬ ਸਿੰਘ ਬਰਾੜ
Treasurer
604-290-2779


**Surjit Singh Minhas**
ਸੁਰਜੀਤ ਸਿੰਘ ਮਿਨਹਾਸ
Asst. General Secretary
778-788-7245


**Gurtej Singh Malhi**
ਗੁਰਤੇਜ ਸਿੰਘ ਮੱਲ੍ਹੀ
Recording Secretary
604-441-0002


**Charan Kamal Kaur Pannu**
ਚਰਨ ਕਮਲ ਕੌਰ ਪੰਨੂ
Asst. Recording Secretary
604-340-1411


**Sarwan Singh Gill**
ਸਰਵਣ ਸਿੰਘ ਗਿੱਲ
Member
604-563-9155


**Harpal Singh Bajwa**
ਹਰਪਾਲ ਸਿੰਘ ਬਾਜਵਾ
Member
604-729-8142

## 5 ਨਵੰਬਰ 2022 ਦਿਨ ਸ਼ਨਿਚਰਵਾਰ

# ਭਾਈ ਸੰਤੋਖ ਸਿੰਘ ਸੂਰੀ ਅਤੇ ਸਲੇਟ

## ਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ

**ON NOVEMBER 5, 2022 VOTE FOR**

# Bhai Santokh Singh Suri & Slate

**Campaign Office: 6685 Fraser St., Vancouver, Ph: 604-499-5843**

**: Sikhsangatunitedfront@gmail.com, : Sikh Sangat United Front**

- ਸੰਤੋਖ ਸਿੰਘ ਸੂਰੀ ਪਿਛਲੇ 40 ਸਾਲ ਤੋਂ ਇਸ ਗੁਰਦੁਆਰਾ ਸਾਹਿਬ ਨਾਲ ਤਨ, ਮਨ, ਧਨ ਨਾਲ ਨਿਮਾਣੇ ਸੇਵਕ ਵਜੋਂ ਸੇਵਾਵਾਂ ਨਿਭਾ ਰਹੇ ਹਨ। ਜਿਨ੍ਹਾਂ ਦੀ ਸਮੁੱਚੀ ਸਲੇਟ ਗਦਰੀ ਬਾਬਿਆਂ ਦੀ ਸੋਚ 'ਤੇ ਨਿਰਪੱਖ ਪਹਿਰਾ ਦੇਣ ਵਾਲੀ ਅਤੇ ਨਵੀਨਵਾਦੀ ਵਿਚਾਰਧਾਰਾ, ਸਿੱਖੀ ਸੋਚ ਨੂੰ ਸਪਰਪਿਤ ਹੈ।
- ਅਸੀਂ ਸਾਡੇ ਬਜ਼ੁਰਗਾਂ ਵਲੋਂ ਪਿਛਲੇ 100 ਸਾਲਾਂ ਤੋਂ ਗੁਰਦੁਆਰਾ ਲੰਗਰ ਹਾਲ 'ਚ ਮੇਜ਼ ਕੁਰਸੀਆਂ ਰੱਖਣ ਦੀ ਚਲਾਈ ਪ੍ਰੰਪਰਾ ਜਿਵੇਂ ਚੱਲਦੀ ਹੈ ਉਸੇ ਤਰ੍ਹਾਂ ਹੀ ਕਾਇਮ ਰੱਖਾਂਗੇ।
- ਅਸੀਂ ਸਲੇਟ 'ਚ ਸੇਵਾਦਾਰ ਸੰਗਤਾਂ ਵਿਚੋਂ ਲਏ ਹਨ, ਜਿਹੜੇ ਗੁਰਦੁਆਰਾ ਸਾਹਿਬ ਵਲੋਂ ਸਜਾਏ ਜਾਂਦੇ ਵਿਸਾਖੀ ਨਗਰ ਕੀਰਤਨ ਵਿੱਚ ਪੰਜਾ ਪਿਆਰਿਆਂ ਦੀ ਸੇਵਾ ਕਰਦੇ, ਲੰਗਰ ਬਣਾਉਣ, ਵਰਤਾਉਣ ਅਤੇ ਹੋਰ ਸੇਵਾਵਾਂ ਕਰਦੇ ਆ ਰਹੇ ਹਨ।
- ਗੋਲਕ ਸੰਗਤਾਂ ਵਿੱਚ ਗਿਣੀ ਜਾਵੇਗੀ। ਕਮੇਟੀ ਮੈਂਬਰ ਨੂੰ ਗੁਰਦੁਆਰੇ ਦੀ ਮਾਇਆ ਇੱਕ ਮਹੀਨੇ ਦੇ ਅੰਦਰ-ਅੰਦਰ ਖਜ਼ਾਨਚੀ ਨੂੰ ਜਮਾਂ ਕਰਵਾਉਣੀ ਲਾਜ਼ਮੀ ਹੋਵੇਗੀ। ਹਿਸਾਬ-ਕਿਤਾਬ ਹਰ ਮਹੀਨੇ ਆਨਲਾਈਨ ਪਾਇਆ ਜਾਵੇਗਾ।
- ਅਸੀਂ ਅੰਗਰੇਜ਼ੀ ਅਤੇ ਪੰਜਾਬੀ ਦੇ ਚੰਗੇ ਪ੍ਰਚਾਰਕ ਮੰਗਵਾਵਾਂਗੇ ਤਾਂ ਕਿ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ। ਨੌਜਵਾਨਾਂ ਨੂੰ ਨਸ਼ਿਆਂ ਅਤੇ ਗੈਂਗਵਾਰਾਂ ਤੋਂ ਦੂਰ ਰੱਖਣ ਲਈ ਸੈਮੀਨਾਰ ਕਰਵਾਵਾਂਗੇ।
- ਬੱਚੇ-ਬੱਚੀਆਂ ਲਈ ਫੌਜ, ਪੁਲਿਸ, ਖੇਡਾਂ, ਯੂਨੀਵਰਸਿਟੀ ਦੇ ਦਾਖਲੇ ਲਈ ਕੋਚਿੰਗ ਦੇ ਪ੍ਰੋਗਰਾਮ, ਬਜ਼ੁਰਗਾਂ ਲਈ ਚੰਗੀ ਸਿਹਤ, ਸੈਰ-ਸਪਾਟਾ ਦੇ ਪ੍ਰੋਗਰਾਮ ਕਰਵਾਏ ਜਾਣਗੇ।

- Santokh Singh Suri has been serving this Gurdwara Sahib as a humble servant with body, mind and wealth for the last 40 years. Whose entire slate is devoted to Sikh thought, a neutral watchdog and innovative ideology on the thought of Gadri Babas.
- We will remain as it is the tradition of keeping tables and chairs in the Gurudwara Langar Hall for the last 100 years by our elders.
- We have taken members from the Sangat in Slate, who become Panja Pyare in Baisakhi Nagar Kirtan organized by Gurdwara Sahib.And have been providing langar preparation and serving services.
- Golak will be counted among the Sangat. Committee member must deposit the money of the Gurdwara with the treasurer within one month. Calculation will be online every month.
- We will arrange for good teachers of English and Punjabi so that the youth can be connected with Sikhi. We will conduct seminars to keep the youth away from drugs and gangs.
- We will arrange Army, police, sports, university admission coaching programs for children, good health for the elderly, tourism programs will be conducted.

| | |
|---|---|
| **Candidate Position Detail** | **The names of 15 candidates of Bhai Santokh Singh Suri's slate will be given on the left. Which you have to mark and vote to all candidates.** ✓ |
| ਉਮੀਦਵਾਰਾਂ ਦੀ ਪੁਜ਼ੀਸ਼ਨ ਦੀ ਸੂਚੀ | ਭਾਈ ਸੰਤੋਖ ਸਿੰਘ ਸੂਰੀ ਦੀ ਸਲੇਟ ਦੇ 15 ਉਮੀਦਵਾਰਾਂ ਦੇ ਨਾਮ ਇਸ ਖੱਬੇ ਦਿੱਤੇ ਹੋਣਗੇ ਜਿਸ 'ਤੇ ਤੁਸੀਂ ਸਾਰੇ ਮੈਂਬਰਾਂ ਨੂੰ ਨਿਸ਼ਾਨ ਲਾ ਕੇ ਵੋਟ ਪਾਓ ਜੀ। ✓ |

## ✓ ਬੈਲਟ ਪੇਪਰ ਦੇ ਖੱਬੇ ਪਾਸੇ ਵਾਲੀ ਭਾਈ ਸੰਤੋਖ ਸਿੰਘ ਸੂਰੀ ਦੀ ਸਾਰੀ ਸਲੇਟ ਨੂੰ ਨਿਸ਼ਾਨ ਲਾ ਕੇ ਵੋਟ ਪਾਉ ਜੀ।

## Put Marks on the left side Slate of the ballot paper to vote for Bhai Santokh Singh Suri Slate.


**Makhan Singh Bassi**
ਮੱਖਣ ਸਿੰਘ ਬਾਸੀ
Sr. Asst. Treasurer
604-618-4656


**Bakhtawar Singh Gill**
ਬਖਤਾਵਰ ਸਿੰਘ ਗਿੱਲ
Asst. Treasurer
778-929-4567


**Manjit Kaur Gosal**
ਮਨਜੀਤ ਕੌਰ ਗੋਸਲ
Member
604-327-2409


**Pashora Singh Punia**
ਪਸ਼ੋਰਾ ਸਿੰਘ ਪੂਨੀਆ
Member
604-719-6155


**Gurvail Singh Jassal**
ਗੁਰਵੇਲ ਸਿੰਘ ਜੱਸਲ
Member
778-228-4882

# ਪੰਜਾਬੀ ਵਿਚ ਪਾਠਕਾਂ ਦੀ ਕੋਈ ਘਾਟ ਨਹੀਂ, ਪ੍ਰੋਫੈਸ਼ਨਲ ਪੰਜਾਬੀ ਲੇਖਕਾਂ ਦੀ ਕਮੀ ਹੈ-ਡਾ. ਸਤੀਸ਼ ਵਰਮਾ

## ਵੈਨਕੂਵਰ ਵਿਚਾਰ ਮੰਚ ਦੇ ਰੂਬਰੂ ਪ੍ਰੋਗਰਾਮ ਵਿਚ ਡਾ. ਵਰਮਾ ਨੇ ਖੁੱਲ੍ਹ ਕੇ ਕੀਤੀਆਂ ਦਿਲ ਦੀਆਂ ਗੱਲਾਂ

ਸਰੀ (ਹਰਦਮ ਮਾਨ)- ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਵਿਹੜੇ ਵਿਚ ਉੱਘੇ ਨਾਟਕਕਾਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਸੱਭਿਆਚਾਰਕ ਅਤੇ ਸਾਹਿਤਕ ਸਰਗਰਮੀਆਂ ਦੇ ਕੇਂਦਰ ਰਹੇ ਡਾ. ਸਤੀਸ਼ ਵਰਮਾ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਮੰਚ ਦੇ ਬੁਲਾਰੇ ਮੋਹਨ ਗਿੱਲ ਨੇ ਡਾ. ਸਤੀਸ਼ ਵਰਮਾ ਅਤੇ ਸਭਨਾਂ ਦੋਸਤਾਂ



ਨੂੰ ਜੀ ਆਇਆਂ ਕਿਹਾ। ਜਰਨੈਲ ਸਿੰਘ ਆਰਟਿਸਟ ਨੇ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾਂ, ਇਸ ਦੇ ਪਿਛੋਕੜ, ਉਦੇਸ਼ ਅਤੇ ਕਾਰਜ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਮੰਚ ਦਾ ਇਹ ਪਲੇਟਫਾਰਮ ਹਰ ਵਰਗ ਲਈ ਖੁੱਲ੍ਹਾ ਮੰਚ ਹੈ ਅਤੇ ਇੱਥੇ ਕੋਈ ਵਿਚਾਰਧਾਰਕ ਬੰਦਿਸ਼ ਨਹੀਂ ਹੈ। ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਡਾ. ਸਤੀਸ਼ ਵਰਮਾ ਬਾਰੇ ਬਹੁਤ ਹੀ ਸੰਖੇਪ ਜਾਣ ਪਛਾਣ ਵਿਚ ਕਿਹਾ ਕਿ ਪੰਜਾਬ ਵਿਚ ਸੱਭਿਆਚਾਰ ਅਤੇ ਸਾਹਿਤਕ ਸਰਗਰਮੀਆਂ ਦਾ ਕੇਂਦਰ ਪਟਿਆਲਾ ਸ਼ਹਿਰ ਹੈ, ਭੂਤਵਾੜਾ ਵੀ ਇੱਥੇ ਹੀ ਸੀ, ਪਟਿਆਲੇ ਵਿਚ ਸੱਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਪੰਜਾਬੀ ਯੂਨੀਵਰਸਿਟੀ ਹੈ ਅਤੇ ਪੰਜਾਬੀ ਯੂਨੀਵਰਸਿਟੀ ਵਿਚ ਜੋ ਸੱਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਹੁੰਦੀਆਂ ਹਨ ਉਨ੍ਹਾਂ ਦਾ ਧੁਰਾ ਡਾ ਸਤੀਸ਼ ਵਰਮਾ ਹਨ। ਡਾ. ਵਰਮਾ ਬੜੀ ਨਿਪੁੰਨਤਾ ਨਾਲ ਇਨ੍ਹਾਂ ਗਤੀਵਿਧੀਆਂ ਦਾ ਸੰਚਾਲਨ ਕਰਦੇ ਆ ਰਹੇ ਹਨ।



ਡਾ. ਸਤੀਸ਼ ਵਰਮਾ ਨੇ ਜਰਨੈਲ ਸਿੰਘ ਆਰਟਿਸਟ ਅਤੇ ਗੁਰਦੀਪ ਭੁੱਲਰ ਨਾਲ ਆਪਣੀ ਨਿੱਘੀ ਤੇ ਪੁਰਾਣੀ ਦੋਸਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੈ ਕਿ ਇਨ੍ਹਾਂ ਦੋਹਾਂ ਨੇ ਰਲ ਕੇ ਸਰੀ (ਕੈਨੇਡਾ) ਵਿੱਚ ਇਹ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਬਣਾਇਆ ਹੈ। ਇਹ ਸੱਚਮੁੱਚ ਹੀ ਪ੍ਰਸੰਸਾਯੋਗ ਕਾਰਜ ਹੈ। ਉਨ੍ਹਾਂ ਆਪਣੇ ਬਾਰੇ ਕਿਹਾ ਕਿ ਉਹ ਹਰ ਸਾਹ ਪੰਜਾਬੀ ਵਾਸਤੇ ਜਿਉਂਦੇ ਹਨ। ਉਨ੍ਹਾਂ ਦੀਆਂ ਦੋ ਮਾਵਾਂ ਹਨ, 'ਇਕ ਮਾਂ ਦੁਆਰਕੀ ਦੇਵੀ ਹੈ ਜਿਨ੍ਹਾਂ ਨੇ ਮੈਨੂੰ ਜਨਮ ਦਿੱਤਾ ਤੇ ਦੂਜੀ ਮਾਂ ਮੇਰੀ ਮਾਂ ਬੋਲੀ ਪੰਜਾਬੀ ਹੈ।' ਉਨ੍ਹਾਂ ਕਿਹਾ ਕਿ ਉਹ ਵਹਿਮਾਂ, ਭਰਮਾਂ, ਜਾਤ- ਪਾਤ, ਧਰਮ, ਮਜ਼੍ਹਬ ਤੋਂ ਮੁਕਤ ਹਨ। ਪੰਜਾਬ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਹਰ ਪੱਖੋਂ ਸਭ ਤੋਂ ਅੱਗੇ ਹੈ ਅਤੇ ਪੰਜਾਬੀ ਹਰ ਖੇਤਰ ਮੋਹਰੀ ਹਨ। ਇਸ ਦਾ ਕਾਰਨ ਹੈ ਕਿ ਸਾਨੂੰ ਬਹੁਤ ਵਧੀਆ ਮੌਕੇ ਮਿਲੇ ਹੋਏ ਹਨ। ਪੰਜਾਬੀ ਸਾਹਿਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਵਿੱਚ ਪਾਠਕਾਂ ਦੀ ਕੋਈ ਘਾਟ ਨਹੀਂ, ਪੰਜਾਬੀ ਲੇਖਕਾਂ ਦੀ ਘਾਟ ਹੈ। ਪੰਜਾਬੀ ਲੇਖਕਾਂ ਦੀ ਗਿਣਤੀ ਤਾਂ ਬਹੁਤ ਜ਼ਿਆਦਾ ਹੈ ਪਰ ਪ੍ਰੋਫੈਸ਼ਨਲ ਲੇਖਕ ਬਹੁਤ ਘੱਟ ਹਨ ਜਿਸ ਕਾਰਨ ਅਸੀਂ ਅਜਿਹਾ ਸਾਹਿਤ ਪੈਦਾ ਨਹੀਂ ਕਰ ਸਕੇ ਜਿਹੋ ਜਿਹਾ ਸਾਹਿਤ ਪ੍ਰੋ. ਮੋਹਨ ਸਿੰਘ ਹੁਰਾਂ ਨੇ ਲਿਖਿਆ ਸੀ ਅਤੇ ਜਿਸ ਸਾਹਿਤ ਦੀ ਲੋੜ ਹੈ। ਉਨ੍ਹਾਂ ਇਸ ਸਬੰਧ ਵਿਚ ਆਪਣੀ ਨਵ-ਪ੍ਰਕਾਸ਼ਤ ਪੁਸਤਕ 'ਅਦਬ ਅਦਬੀ ਤੇ ਅਦਬੀਅਤ' ਬਾਰੇ ਵੀ ਜਾਣਕਾਰੀ ਦਿੱਤੀ। ਪ੍ਰੋ ਮੋਹਨ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰੋ ਮੋਹਨ ਸਿੰਘ ਬਹੁਤ ਵੱਡੇ ਕਵੀ ਸਨ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਕੋਲ ਪੰਜਾਬੀ ਸ਼ਾਇਰੀ ਦੀ ਬਹੁਤ ਵੱਡੀ ਵਿਰਾਸਤ ਹੈ ਅਤੇ ਜਿਸ ਕੌਮ ਕੋਲ ਸ਼ਾਇਰੀ ਦਾ ਏਨਾ ਵੱਡਮੁੱਲਾ ਵਿਰਾਸਤੀ ਖਜ਼ਾਨਾ ਹੋਵੇ ਉਸ ਤੋਂ ਅਮੀਰ ਤਾਂ ਕੋਈ ਹੋਰ ਨਹੀਂ ਹੋ ਸਕਦਾ। ਡਾ. ਵਰਮਾ ਨੇ ਇਸ ਮੌਕੇ ਆਪਣੀ ਜ਼ਿੰਦਗੀ, ਕਾਰਜ ਸ਼ੈਲੀ ਅਤੇ ਹੋਰ ਕਈ ਪੱਖਾਂ ਬਾਰੇ ਬਹੁਤ ਹੀ ਦਿਲਚਸਪ ਲਹਿਜ਼ੇ ਵਿਚ ਅਹਿਮ ਗੱਲਬਾਤ ਕੀਤੀ ਅਤੇ ਕਈ ਅਣਛੋਹੇ ਸਾਹਿਤਕ, ਸਮਾਜਿਕ ਅਤੇ ਸਭਿਆਚਾਰਕ ਨੁਕਤਿਆਂ ਨੂੰ ਛੋਹਿਆ। ਇਸ ਰੂਬਰੂ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਡਾ. ਦਵਿੰਦਰ ਸਿੰਘ ਸੇਖੋਂ, ਤਾਰਾ ਸਿੰਘ ਆਲਮ (ਯੂ.ਕੇ.), ਸੁਰਜੀਤ ਕਲਸੀ, ਬਿੰਦੂ ਮਠਾੜੂ, ਸੁੱਖੀ ਢਿੱਲੋਂ, ਪਰਮਜੀਤ ਸਿੰਘ ਸੇਖੋਂ, ਭੁਪਿੰਦਰ ਮੱਲੀ, ਕਾਮਰੇਡ ਨਵਰੂਪ ਸਿੰਘ, ਹਰਦਮ ਸਿੰਘ ਮਾਨ ਨੇ ਸ਼ਿਰਕਤ ਕੀਤੀ।

## ਭਾਰਤੀ ਕ੍ਰਿਕਟ ਬੋਰਡ ਨੇ ਮਹਿਲਾ ਕ੍ਰਿਕਟ ਖਿਡਾਰਨਾਂ ਦੀ ਫੀਸ ਪੁਰਸ਼ ਖਿਡਾਰੀਆਂ ਦੇ ਬਰਾਬਰ ਕੀਤੀ

ਨਵੀਂ ਦਿੱਲੀ-ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਇਤਿਹਾਸਕ ਫ਼ੈਸਲਾ ਲੈਂਦਿਆਂ ਆਪਣੇ ਇਕਰਾਰਨਾਮੇ ਵਾਲੇ ਪੁਰਸ਼ ਅਤੇ ਮਹਿਲਾ ਕ੍ਰਿਕਟਰਾਂ ਨੂੰ ਬਰਾਬਰ ਮੈਚ ਫੀਸ ਦੇਣ ਦਾ ਐਲਾਨ ਕੀਤਾ ਹੈ ਤਾਂ ਜੋ ਦੇਸ਼ ਦੀ ਸਭ ਤੋਂ ਮਕਬੂਲ ਖੇਡ ਕ੍ਰਿਕਟ 'ਚ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਨਵੇਂ ਪ੍ਰਬੰਧ ਤਹਿਤ ਭਾਰਤੀ ਮਹਿਲਾ ਕ੍ਰਿਕਟਰਾਂ ਨੂੰ ਹੁਣ ਪੁਰਸ਼ਾਂ ਦੇ ਬਰਾਬਰ ਟੈਸਟ ਲਈ 15 ਲੱਖ ਰੁਪਏ, ਇਕ ਰੋਜ਼ਾ ਮੈਚਾਂ ਲਈ 6 ਲੱਖ ਰੁਪਏ ਅਤੇ ਟੀ-20 ਮੁਕਾਬਲੇ ਲਈ ਤਿੰਨ ਲੱਖ ਰੁਪਏ ਮਿਲਣਗੇ। ਇਸ ਤੋਂ ਪਹਿਲਾਂ ਮਹਿਲਾ ਕ੍ਰਿਕਟਰਾਂ ਨੂੰ ਇਕ ਰੋਜ਼ਾ ਅਤੇ ਟੀ-20 ਮੈਚਾਂ ਲਈ ਸਿਰਫ਼ ਇਕ-ਇਕ ਲੱਖ ਰੁਪਏ ਮਿਲਦੇ ਸਨ ਜਦਕਿ ਟੈਸਟ ਮੈਚ ਲਈ ਚਾਰ ਲੱਖ ਰੁਪਏ ਦਿੱਤੇ ਜਾਂਦੇ ਸਨ। ਇਹ ਫ਼ੈਸਲਾ ਬੀਸੀਸੀਆਈ ਸਰਵਉੱਚ ਕਾਊਂਸਿਲ ਦੀ ਮੀਟਿੰਗ ਦੌਰਾਨ ਲਿਆ ਗਿਆ। ਕੌਮਾਂਤਰੀ ਕ੍ਰਿਕਟ 'ਚ ਨਿਊਜ਼ੀਲੈਂਡ ਤੋਂ ਬਾਅਦ ਭਾਰਤ ਦੂਜਾ ਮੁਲਕ ਬਣ ਗਿਆ ਹੈ ਜਿਥੇ ਪੁਰਸ਼ ਅਤੇ ਮਹਿਲਾ ਖਿਡਾਰੀਆਂ ਦੀ ਮੈਚ ਫੀਸ ਇਕ ਸਮਾਨ ਹੋਵੇਗੀ।

## ਫਿਲਮ ਨਿਰਮਾਤਾ ਮਿਸ਼ਰਾ ਪਤਨੀ ਉਪਰ ਕਾਰ ਚੜ੍ਹਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ

ਮੁੰਬਈ-ਮੁੰਬਈ ਪੁਲੀਸ ਨੇ ਫਿਲਮ ਨਿਰਮਾਤਾ ਕਮਲ ਕਿਸ਼ੋਰ ਮਿਸ਼ਰਾ ਨੂੰ ਗ੍ਰਿਫ਼ਤਾਰ ਕਰ ਲਿਆ। ਉਸ 'ਤੇ ਆਪਣੀ ਪਤਨੀ ਨੂੰ ਕਾਰ ਨਾਲ ਟੱਕਰ ਮਾਰਨ ਦਾ ਦੋਸ਼ ਹੈ। ਪੁਲੀਸ ਨੇ ਦੱਸਿਆ ਕਿ ਕਥਿਤ ਘਟਨਾ 19 ਅਕਤੂਬਰ ਨੂੰ ਅੰਧੇਰੀ (ਪੱਛਮੀ) ਵਿੱਚ ਜੋੜੇ ਦੇ ਅਪਾਰਟਮੈਂਟ ਦੇ ਪਾਰਕਿੰਗ ਖੇਤਰ ਵਿੱਚ ਵਾਪਰੀ, ਜਦੋਂ ਮਿਸ਼ਰਾ ਦੀ ਪਤਨੀ ਨੇ ਉਸ ਨੂੰ ਕਾਰ ਦੇ ਅੰਦਰ ਇੱਕ ਹੋਰ ਔਰਤ ਨਾਲ ਦੇਖਿਆ। ਹਿੰਦੀ ਫਿਲਮ ਦੇਹਤੀ ਡਿਸਕੋ ਦੇ ਨਿਰਮਾਤਾ ਮਿਸ਼ਰਾ ਨੂੰ ਉਸ ਦੀ ਪਤਨੀ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ।


EVERSHINE FAMILY DENTISTRY

"Healthy beautiful Smiles"

Fillings, Extractions, Deep Cleaning, Crown and Bridge, Root Canals, Digital X-Rays

Practising for more than 11 years

111 - 7130 120 Street Surrey, BC V3W 3M8

(Near Guru Nanak Sikh Gurdwara) Located Ground Floor of Satnam Plaza

www.evershinedental.ca

604-593-6515



Dr. Anjanpal Kaur Bhalla



FOR BUYING OR SELLING any kind of Property, Count on my many years of Expert Experience

Tejinder S. Bansal REALTOR

604.671.5783

Email: tbansal@msn.com

MULTIPLE Multiple Realty Ltd. 768 Kingsway, Vancouver TEL: 604-434-1431 www.multiplerealty.com

**COMMERCIAL LAND ON BUSY HIGHWAY IN MISSION**
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY **$20 mil**

**INDUSTRIAL WAREHOUSE FOR SALE IN RICHMOND**
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY **$778,000**

**BUILDINGS LOTS**
Now, assignment of 2-building lots 3800 sf, side by side available for sale near 131/236 Street in Maple Ridge. Try offer.
ASKING ONLY **$799,000** each

**EXCELLENT OPPORTUNITY**
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

**6340 BUSWELL ST, RICHMOND**



$269,800

Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

**PUB FOR SALE**
Interested to run your own Pub!! Good monthly return, now available for Sale with or without Pub-licence. Call for more details.

**DUPLEX LOT RT2 ZONE FOR SALE IN VANCOUVER**
**6422 Beatrice St, Vancouver**
Available for assignment Duplex Lot RT2 zone
ASKING **$1.6 million**

TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)

www.tsmgallery.ca | www.jollyarts.ca

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.














Shaw FLOORS
Ansonylon
STAINMASTER CARPET
ClearTouch

**from $1.98 SF** — **Berber** Installed

**Textured Saxony** Installed — **from $2.28 SF**

**Laminate Floor**
8.3mm thick
25 years warranty
Click Do It Yourself
German technology
**.99 cent**

**Commercial Carpet**
Starts From **.78 cent**

**Berber**
Starts From **.78 cent**

**Area Rug (5x8)**
Starts From **$68**

## ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

**NEW HOME SPECIALISTS**

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਭਤੀਜੇ ਨੂੰ ਮਰਿਆ ਵੇਖ ਕੇ ਵਜੀਦ ਖਾਂ ਕਸੂਰੀ ਨੇ ਬਾਜ ਸਿੰਘ ਤੇ ਝਪਟਣਾ

1512 ਸ਼ੰਮਸ ਖਾਂ ਨੂੰ ਵੇਖ ਦੁਫਾੜ ਹੋਇਆ, ਵਜ਼ੀਦ ਆਇਆ ਘੋੜਾ ਭਜਾ ਮੀਆਂ।
ਪਿੱਠ ਪਿੱਛੋਂ ਦੀ ਕਰਨ ਉਹ ਵਾਰ ਲੱਗਾ, ਨੇਜਾ ਵਿੰਨ੍ਹਿਆ ਸਿਸਤ ਸੀ ਲਾ ਮੀਆਂ।
ਫਤਹਿ ਸਿੰਘ ਸਰਦਾਰ ਸੀ ਕਾਲ ਬਣਕੇ, ਸਮੇਂ ਸਿਰ ਗਿਆ ਸੀ ਆ ਮੀਆਂ।
ਹਰਚੰਦ ਸਿੰਘਾ ਰੋਕ ਕੇ ਵਾਰ ਉਸਦਾ ਵਜ਼ੀਦ ਲਿਆ ਘੋੜੇ ਤੋਂ ਲਾਹ ਮੀਆਂ॥

1513 ਮੁਗਲਾਂ ਵੇਖੇ ਦੋਵੇਂ ਜਰਨੈਲ ਡਿੱਗੇ, ਉਹੋ ਉਨ੍ਹਾਂ ਤਾਈਂ ਬਚਾਨ ਆਏ।
'ਯਾ ਅਲੀ' ਦੇ ਮਾਰਕੇ ਖਾਨ ਨਾਅਰੇ, ਸਰੀਰ ਉਨ੍ਹਾਂ ਦੇ ਉਹ ਉਠਾਨ ਆਏ।
ਸਰੀਰ ਚੁੱਕ ਕੇ ਹੋਏ ਹਰਨ ਸਾਰੇ, ਛੱਡ ਉਥੇ ਸਭ ਸਮਾਨ ਆਏ।
ਲਿਖੀ ਮੁੜੇ ਨਾ ਕਦੇ ਹਰਚੰਦ ਸਿੰਘਾ, ਕਿੱਥੋਂ ਕਿੱਥੇ ਉਹ ਦੇਣ ਪ੍ਰਾਨ ਆਏ॥

### ਇਹ ਖ਼ਬਰ ਸੁਣ ਕੇ ਬਹਾਦਰ ਸ਼ਾਹ ਨੂੰ ਬੇਚੈਨੀ ਦੇ ਹੌਲ ਪੈਣੇ

1514 ਸ਼ੰਮਸ ਖਾਂ ਮੌਕੇ ਤੇ ਮੁੱਕ ਗਿਆ, ਵਜ਼ੀਦ ਖਾਂ ਸੀ ਰਾਹ ਦੇ ਵਿਚ ਮੋਇਆ।
ਕਸੂਰ ਦੋਹਾਂ ਨੂੰ ਸਪੁਰਦੇ-ਖਾਕ ਕੀਤਾ, ਜਿਊਂਦੇ ਜੀ ਨਾ ਉਥੇਂ ਜਾ ਹੋਇਆ।
ਖ਼ਬਰ ਮਿਲੀ ਜਦ ਇਹ ਬਾਦਸ਼ਾਹ ਨੂੰ, ਹੌਲ ਪੈ ਗਏ ਉਸਦਾ ਚੈਨ ਖੋਇਆ।
ਹਰਚੰਦ ਸਿੰਘਾ ਦਿਖਣ ਸੀ ਮੌਤ ਲੱਗੀ, ਕਬਰ ਜਾਪਦੀ, ਉਸਨੂੰ ਹਰ ਟੋਇਆ॥

1515 ਬੰਦਾ ਸਿੰਘ ਜੀ ਸ਼ਾਹ ਲਈ ਕਾਲ ਬਣਿਆ, ਕਿਲ੍ਹਾ ਛੱਡ ਕੇ ਜੋ ਪਹਾੜ ਚੜ੍ਹਿਆ।
ਸਾਰੇ ਹਿੰਦ ਦੀ ਫੌਜ ਨਾ ਫੜ ਸਕੀ, ਮਹੀਨਾ ਭਰ ਬਹਾਦਰਾਂ ਵਾਂਗ ਲੜਿਆ।
ਮਾਲ਼ਾ ਫੇਰੀਆਂ ਕਿਸੇ ਨਾ ਕੰਮ ਆਈਆਂ, ਮੁੱਲਾਂ ਕਾਜੀਆਂ ਬੜਾ ਕੁਰਾਨ ਪੜਿਆ।
ਹਰਚੰਦ ਸਿੰਘਾ ਜਿੱਤ ਕੇ ਹਾਰਿਆ ਏ, ਬਹਾਦਰ ਸ਼ਾਹ ਲਹੌਰ ਦਾ ਰਾਹ ਫੜਿਆ॥

1516 ਸ਼ਾਹ 'ਕੱਲਾ ਬੈਠ ਕੇ ਸੋਚਦਾ ਸੀ, ਤੂੰ ਕੈਸਾ ਏ ਮੁਸਲਮਾਨ ਮੀਆਂ।
ਜਿਸ ਗੁਰੂ ਨੇ ਬਖ਼ਸਿਆ ਤਾਜ ਮੈਨੂੰ, ਨਸਲ ਉਸੇ ਦੀ ਲੱਗੈਂ ਮੁਕਾਣ ਮੀਆਂ।
ਕੌਲ ਕਰਕੇ ਪੂਰ ਨਾ ਚਾੜ੍ਹ ਸਕਿਆ, ਮੁਆਫ਼ ਕਰੇਗਾ ਨਹੀਂ ਕੁਰਾਨ ਮੀਆਂ।
ਮੁਸਲਮਾਨ ਉਹ ਅਸਲ ਹਰਚੰਦ ਸਿੰਘਾ, ਜੋ ਜੱਗ ਤੇ ਨੇਕ ਇਨਸਾਨ ਮੀਆਂ॥

1517 ਜੋ ਬੰਦੇ ਗੁਰੂ ਨੂੰ ਨਾ ਦਿੱਤੇ, ਉਹ ਵੀ ਰਹੇ ਨਾ ਵਿਚ ਜਹਾਨ ਬੇਲੀ।
ਉਨ੍ਹਾਂ ਨਾਲ ਬੇਦੋਸ਼ੇ ਹੋਰ ਲੱਖਾਂ, ਸੁੱਤੇ ਕਬਰੀਂ ਲੰਬੀਆਂ ਤਾਣ ਬੇਲੀ।
ਹੋਰ ਖੌਰੇ ਕੀ ਕੀ ਹੋਵਣਾ ਏ, ਕਿਸ ਕਿਸ ਦੀ ਜਾਣੀ ਜਾਨ ਬੇਲੀ।
ਵਕਤੋਂ ਜੋ ਵੀ ਖੁੰਝੇ ਹਰਚੰਦ ਸਿੰਘਾ, ਸਾਰੀ ਉਮਰਾਂ ਉਹ ਪਛਤਾਣ ਬੇਲੀ॥

### ਸਿੰਘਾਂ ਕੋਲੋਂ ਇੱਕ ਵਾਰੀ ਸਾਰੇ ਇਲਾਕੇ ਖੁੱਸ ਜਾਣੇ

1518 ਪੰਜ ਮਹੀਨਿਆਂ ਵਿਚ ਜੋ ਜਿੱਤਿਆ ਸੀ, ਅੱਠ ਮਹੀਨਿਆਂ ਵਿਚ ਗੁਆਇਆ ਏ।
ਕੱਲ੍ਹ ਮਾਲਕ ਜੋ ਸਾਰੇ ਪੰਜਾਬ ਦੇ ਸੀ, ਅੱਜ ਜੰਗਲੀਂ ਸਿਰ ਛੁਪਾਇਆ ਏ।
ਗਿਆਰਾਂ ਅਗਸਤ 1711 ਨੂੰ, ਸ਼ਾਹ ਜਿੱਤ ਲਾਹੌਰ ਵਿਚ ਆਇਆ ਏ।
ਹਰਚੰਦ ਸਿੰਘਾ ਸਮੇਂ ਦਾ ਗੇੜ ਮਾੜਾ, ਹਿੰਦੂ-ਸਿੱਖਾਂ ਤੇ ਮੁੜ ਕੇ ਛਾਇਆ ਏ॥

1519 ਬਹਾਦਰ ਸ਼ਾਹ ਨਾ ਜੇ ਪੰਜਾਬ ਆਉਂਦਾ, ਸਿੰਘਾਂ ਜਾ ਕੇ ਦਿੱਲੀ ਮੱਲਣੀ ਸੀ।
ਬੰਦਾ ਸਿੰਘ ਨਾ ਅਗਰ ਪਹਾੜ ਬਹਿੰਦਾ, ਫਿਰ ਟੈਂ ਨਾ ਕਿਸੇ ਦੀ ਝੱਲਣੀ ਸੀ।
ਦਰਾ ਖੈਬਰ ਦਾ ਕਰਕੇ ਬੰਦ ਬੂਹਾ, ਧੌਣ ਤੁਰਕਾਂ ਦੀ ਸਿੰਘਾਂ ਭੰਨਣੀ ਸੀ।
ਹਰਚੰਦ ਸਿੰਘਾ ਮੁਲਕ ਆਜ਼ਾਦ ਹੁੰਦਾ, ਪੂਰੀ ਸਦੀ ਲੜਾਈ ਨਾ ਚੱਲਣੀ ਸੀ॥

### ਬੰਦਾ ਸਿੰਘ ਨੇ ਜੰਮੂ ਵੱਲ ਰੁਖ਼ ਕਰਨਾ ਅਤੇ ਬਹਾਦਰ ਸ਼ਾਹ ਨੇ ਲਹੌਰ ਵਿਚ ਕਮਲਾ ਹੋ ਕੇ ਫੌਤ ਹੋਣਾ

1520 ਜ਼ੋਰ ਪਿਆ ਤੁਰਕ ਦਾ ਅੰਤ ਵਾਲ੍ਹਾ, ਬੰਦਾ ਜੰਮੂ ਵਲ ਨੂੰ ਆਇਆ ਏ।
ਵਖ਼ਤ ਪਾਇਆ ਜਾ ਪਹਾੜੀਆਂ ਨੂੰ, ਜਾ ਮਾਲੀਆ ਜੋਰੀਂ ਉਗਰਾਇਆ ਏ।
ਆ ਲਾਹੌਰ ਸ਼ਾਹ ਦਾ ਸਿਰ ਹਿੱਲਾ, ਬੰਨ੍ਹ ਉਸਨੂੰ ਬਿਸਤਰੇ ਪਾਇਆ ਏ।
ਹਰਚੰਦ ਸਿੰਘਾ ਗੁਰਾਂ ਜੋ ਬਚਨ ਕੀਤੇ, ਆ ਕੇ ਕਾਲ੍ਹ ਨੇ ਉਵੇਂ ਹੀ ਢਾਇਆ ਏ॥

### ਬਹਾਦਰ ਸ਼ਾਹ ਦੇ ਫੌਤ ਹੋਣ ਮਗਰੋਂ ਉਸਦੇ ਚਾਰੇ ਪੁੱਤਰਾਂ ਵਿਚ ਤਾਜ ਲਈ ਜੰਗ ਹੋਣੀ ਤੇ ਜਹਾਂਦਾਰ ਸ਼ਾਹ ਦੀ ਜਿੱਤ ਹੋਣੀ

1521 ਆਇਆ ਸਿੰਘਾਂ ਦਾ ਤੁਖਮ ਮੁਕਾਉਣ ਜਿਹੜਾ, ਸੁੱਤਾ ਗੋਰ ਉਹ ਲੰਬੀਆਂ ਤਾਣ ਮੀਆਂ।
ਫ਼ੌਜ ਵੰਡ ਲਈ ਚਾਰੇ ਪੁੱਤਰਾਂ ਨੇ, ਲੱਗੇ ਤੇਗਾਂ ਉਹ ਖੜਕਾਉਣ ਮੀਆਂ।
ਤੁਰਕਾਂ ਵੱਢਿਆ ਰੱਜ ਕੇ ਤੁਰਕਾਂ ਨੂੰ, ਲੱਗੇ ਬੇਗਮਾਂ ਰੰਡ ਬਹਾਉਣ ਮੀਆਂ।
ਹਰਚੰਦ ਸਿੰਘਾ ਇੰਝ ਨਹੀਂ ਇੰਝ ਕਰਨੀ, ਦੱਸੋ ਰੱਬ ਨੂੰ ਆਖੇ ਕੌਣ ਮੀਆਂ॥

1522 ਚੌਦਾਂ ਦਿਨ ਘਮਸਾਨ ਦਾ ਜੰਗ ਹੋਇਆ, ਤੋਪਾਂ ਚੱਲੀਆਂ ਗੋਲਿਆਂ ਨਾਲ ਬੇਲੀ।
ਧੂ ਧੂ ਕੇ ਤੇਗਾਂ ਮਾਰੀਆਂ ਨੇ, ਮਿੱਟੀ ਹੋਈ ਲਾਹੌਰ ਦੀ ਲਾਲ ਬੇਲੀ।
ਅਜੀਮ ਸ਼ਾਹ, ਜਹਾਨ ਸ਼ਾਹ, ਰਫੀਉਲ ਸ਼ਾਨ ਇਨ੍ਹਾਂ ਤਿੰਨਾਂ ਨੂੰ ਖਾ ਗਿਆ ਕਾਲ ਬੇਲੀ।
ਹਰਚੰਦ ਸਿੰਘਾ ਜਹਾਂਦਾਰ ਜਿੱਤਾ, ਤਿੰਨੇ ਵੀਰਾਂ ਨੂੰ ਕਰ ਹਲਾਲ ਬੇਲੀ॥

### ਪਹਾੜੀ ਰਾਜੇ ਅਤੇ ਬੰਦਾ ਸਿੰਘ ਬਹਾਦਰ ਦਾ ਪ੍ਰਸੰਗ ਪਹਾੜੀ ਰਾਜਿਆਂ ਦੀ ਰਾਜਨੀਤੀ

1523 ਰੀਤ ਚੱਲੀ ਚਿਰ ਤੋਂ ਰਾਜਿਆਂ ਦੀ, ਆਪੂ ਮਾੜੇ ਨੂੰ ਵਖਤ ਸੀ ਪਾ ਦੇਂਦੇ।
ਜ਼ਰ-ਜ਼ੋਰੋ ਜ਼ਮੀਨ ਨੂੰ ਕਰ ਕਬਜ਼ੇ, ਸਭ ਆਪਣੇ ਨਾਂ ਕਰਾਂ ਦੇਂਦੇ।
ਜਦ ਤਕੜਾ ਕਿੱਧਰੋਂ ਚੜ੍ਹ ਆਏ, ਧੀਆਂ-ਭੈਣਾਂ ਦੀ ਬਲੀ ਚੜ੍ਹਾ ਦੇਂਦੇ।
ਹਰਚੰਦ ਸਿੰਘਾ ਰਾਜ ਬਚਾਉਣ ਲਈ, ਧੀਆਂ ਬੁੱਢਿਆਂ ਤਾਈਂ ਵਿਆਹ ਦੇਂਦੇ॥

### ਬੰਦਾ ਸਿੰਘ ਤੇ ਵੀ ਇਹੋ ਜਾਲ ਪਾਇਆ

1524 ਰੋਹ ਬੰਦੇ ਨੂੰ ਬੜਾ ਪਹਾੜੀਆਂ ਤੇ, ਗੁਨਾਹਗਾਰਾਂ ਨੂੰ ਸੋਧੇ ਲਾਉਣ ਚੜ੍ਹਿਆ।
ਜਿਨ੍ਹਾਂ ਗੁਰਾਂ ਨੂੰ ਕੱਢਿਆ ਤੰਗ ਕਰਕੇ, ਸੱਥਰ ਉਨ੍ਹਾਂ ਦੇ ਉਹ ਵਿਛਾਉਣ ਚੜ੍ਹਿਆ।
ਹਿੰਦੂ ਹੋ ਕੇ ਤੁਰਕਾਂ ਦਾ ਸਾਥ ਦਿੱਤਾ, ਕਿਲ੍ਹੇ ਉਨ੍ਹਾਂ ਦੇ ਉਹੋ ਨਿਭਾਉਣ ਚੜ੍ਹਿਆ।
ਹਰਚੰਦ ਸਿੰਘਾ ਗੁੱਸੇ ਦੀ ਅੱਗੇ ਬੰਦਾ, ਲਹੂ 'ਚੋ ਕੇ ਉਹੋ ਬਝਾਉਣ ਚੜ੍ਹਿਆ॥

1525 ਧੌਂਸ ਬੰਦੇ ਦੀ ਜਦ ਨਾ ਝੱਲ ਸਕੇ, ਰਲ ਰਾਜਿਆਂ ਜਾਲ ਵਿਛਾਇਆ ਏ।
ਸੁਧਰ ਸੈਨ ਮੰਡੀ ਦਾ ਜੋ ਰਾਜਾ, ਚੱਕਰ ਉਸਨੇ ਝੱਟ ਚਲਾਇਆ ਏ।
ਈਨ ਮੰਨ ਬੰਦੇ ਦਾ ਸਿੱਖ ਬਣਿਆ, ਰੱਜ ਉਸਦਾ ਟਹਿਲ ਕਮਾਇਆ ਏ।
ਹਰਚੰਦ ਸਿੰਘਾ ਮਹਿਲੀਂ ਨਿਵਾਸ ਦੇ ਕੇ, ਬੰਦਾ ਸਿੰਘ ਦਾ ਕਾਮ ਜਗਾਇਆ ਏ॥

1526 ਬੰਦਾ ਮੰਡੀ ਤੋਂ ਅੱਗੇ ਪਹਾੜ ਚੜ੍ਹਿਆ, ਚੰਬੇ ਪਤੀ ਨੂੰ ਜਾ ਦਬਕਾ ਦਿੱਤਾ।
ਰਾਜ ਕੁਮਾਰੀ ਚੰਬੇ ਦੇ ਮਹਿਲਾਂ ਦੀ, ਭਰ ਜ਼ੋਬਨੇ ਪੈਰ ਟਿਕਾ ਦਿੱਤਾ।
ਰੂਪਵਤੀ ਪਰੀਆਂ ਤੁਲ ਸੁਹਣੀ, ਜਾਦੂਗਰ ਤੇ ਜਾਦੂ ਚਲਾ ਦਿੱਤਾ।
ਹਰਚੰਦ ਸਿੰਘਾ ਅੱਗ ਦੇ ਰੱਖ ਅੱਗੇ, ਬੰਦਾ ਘਿਉ ਦੇ ਵਾਂਗ ਪਿਘਲਾ ਦਿੱਤਾ॥

1527 ਹੁਸਨ ਵੇਖ ਬਹਾਦਰੀ ਭਸਮ ਹੋਈ, ਜਤ-ਸਤ ਵੀ ਗਿਆ ਸੀ ਡੋਲ ਬੇਲੀ।
ਅੱਗ ਅੱਗੇ ਲੋਹਾ ਵੀ ਬਣੇ ਪਾਣੀ, ਛੁਹਾਰਾ ਖਾ ਲਿਆ ਮੂੰਹ ਨੂੰ ਖੋਲ੍ਹ ਬੇਲੀ।
ਬੜਾ ਕੁੱਝ ਸੀ ਪੁੱਛਣਾ ਰਾਜਿਆਂ ਤੋਂ, ਪਰ ਕੁੱਝ ਨਾ ਸਕਿਆ ਬੋਲ ਬੇਲੀ।
ਹਰਚੰਦ ਸਿੰਘਾ ਤੀਰ ਦੀ ਪਾਨ ਲਾਹ ਕੇ, ਚੂੜੀ ਵਾਂਙ ਕਰ ਲਿਆ ਗੋਲ ਬੇਲੀ॥

### ਕਵੀਓ ਵਾਚ

1528 ਮਨਾਹੀ ਸਿੱਖ ਨੂੰ ਵਿਆਹ ਤੋਂ ਮੂਲ ਨਾਹੀ, ਲਾੜ੍ਹਾ-ਲਾੜ੍ਹੀ ਜੇ ਹਾਣ-ਪ੍ਰਵਾਨ ਹੋਵੇ।
ਵੱਡਾ ਪਾਪ ਤੇ ਹੈ ਅਪਰਾਧ ਭਾਰਾ, ਕੰਤ ਅਗਰ ਬਾਪ ਦਾ ਹਾਣ ਹੋਵੇ।
ਮਰ ਜਾਏ ਵਿਚੋਲਾ ਤੇ ਮਰਨ ਮਾਪੇ, ਜਿੱਥੇ ਧੀ ਦਾ ਬਲੀਦਾਨ ਹੋਵੇ।
ਹਰਚੰਦ ਸਿੰਘਾ ਇਹ ਪਰਵਾਨ ਨਹੀਉਂ, ਸਿਹਰੇ ਵਾਲਾ ਭਾਵੇਂ ਭਗਵਾਨ ਹੋਵੇ॥

1529 ਬੰਦਾ ਸਿੰਘ ਬਣ ਜੁਆਈ ਰਾਜਿਆਂ ਦਾ, ਮਹਿਲਾਂ ਵਿਚ ਦਾਅਵਤਾਂ ਖਾਣ ਲੱਗਾ।
ਰੂਪਵਤੀ ਨੇ ਵਸ ਦੇ ਵਿੱਚ ਕੀਤਾ, ਨਾਲ ਨਾਰ ਦੇ ਵਕਤ ਲੰਘਾਣ ਲੱਗਾ।
ਸੱਦੇ ਨਿੱਤ ਆਂਵਦੇ ਰਾਜਿਆਂ ਦੇ, ਵਿੱਚ ਸਾਲੀਆਂ ਮਨ ਪਰਚਾਉਣ ਲੱਗਾ।
ਹਰਚੰਦ ਸਿੰਘਾ ਲੜਦਿਆਂ ਜੋ ਚੜ੍ਹਿਆ, ਬੰਦਾ ਸਿੰਘ ਥਕੇਵਾਂ ਲਾਹੁਣ ਲੱਗਾ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ।ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ।ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ
ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ-
604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
ਸੰਪਰਕ ਕਰੋ: 778-361-2200

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ।ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ।ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ 604-339-2389

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ।ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ।ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000
ap 23

# ਸਰੀ ਪੁਲਿਸ ਬੋਰਡ ਨੇ ਸਰੀ ਪੁਲਿਸ ਸੇਵਾ ਦਾ ਨਿਰਮਾਣ ਕਾਰਜ ਜਾਰੀ ਰੱਖਣ ਲਈ ਵਚਨਬੱਧਤਾ ਪ੍ਰਗਟਾਈ

ਸਰੀ ਮਾਨ)-ਜਿੱਥੇ ਸਰੀ ਦੀ ਨਵੀਂ ਚੁਣੀ ਗਈ ਮੇਅਰ ਬਰੈਂਡਾ ਲੌਕ ਆਰਸੀਐਮਪੀ ਦੀ ਸਰੀ ਪੁਲਿਸ ਵਜੋਂ ਕੀਤੀ ਜਾ ਰਹੀ ਤਬਦੀਲੀ ਨੂੰ ਰੱਦ ਕਰਨ ਦੀ ਗੱਲ ਕਰ ਰਹੀ ਹੈ ਉੱਥੇ ਹੀ ਕੱਲ੍ਹ ਸਰੀ ਪੁਲਿਸ ਬੋਰਡ ਨੇ ਆਪਣੀ ਇਕ ਮੀਟਿੰਗ ਕਰਕੇ ਬਿਆਨ ਜਾਰੀ ਕੀਤਾ ਹੈ ਕਿ ਸਰੀ ਪੁਲਿਸ ਬੋਰਡ ਆਧੁਨਿਕ, ਜਵਾਬਦੇਹ ਅਤੇ ਪ੍ਰਗਤੀਸ਼ੀਲ ਪੁਲਿਸ ਸੇਵਾ ਦਾ ਨਿਰਮਾਣ ਕਾਰਜ ਜਾਰੀ ਰੱਖਣ ਲਈ 100 ਪ੍ਰਤੀਸ਼ਤ ਵਚਨਬੱਧ ਹੈ। ਸਰੀ ਪੁਲਿਸ ਬੋਰਡ ਨੇ 26 ਅਕਤੂਬਰ ਨੂੰ ਹੋਈ ਆਪਣੀ ਮੀਟਿੰਗ ਵਿੱਚ ਮੇਅਰ ਚੁਣੀ ਗਈ ਬਰੈਂਡਾ ਲੌਕ ਅਤੇ 15 ਅਕਤੂਬਰ ਦੀਆਂ ਮਿਉਂਸਪਲ ਚੋਣਾਂ ਵਿੱਚ ਚੁਣੇ ਗਏ ਸਿਟੀ ਕੌਂਸਲਰਾਂ ਨੂੰ ਵੀ ਵਧਾਈ ਦਿੱਤੀ ਹੈ ਅਤੇ ਕਿਹਾ ਹੈ ਜੂਨ 2020 ਵਿੱਚ, ਸਰੀ ਪੁਲਿਸ ਬੋਰਡ ਦੀ ਸਥਾਪਨਾ ਇੱਕ ਸਥਾਨਕ, ਗੈਰ-ਪੱਖਪਾਤੀ ਨਿਗਰਾਨੀ ਸੰਸਥਾ ਵਜੋਂ ਕੀਤੀ ਗਈ ਸੀ ਜਿਸ ਵਿੱਚ ਸਰੀ ਪੁਲਿਸ ਸੇਵਾ ਦੀ ਸਥਾਪਨਾ ਦਾ ਕਾਰਜ ਸ਼ੁਰੂ ਕੀਤਾ ਗਿਆ ਸੀ। ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਮਿਉਂਸਪਲ ਸੁਤੰਤਰ ਪੁਲਿਸਿੰਗ ਦਾ ਢਾਂਚਾ ਓਟਵਾ ਤੋਂ ਬਿਨਾਂ ਕਿਸੇ ਨਾਗਰਿਕ ਨਿਗਰਾਨੀ ਦੇ ਚਲਾਏ ਜਾ ਰਹੇ ਆਰਸੀਐਮਪੀ ਦੇ ਢਾਂਚੇ ਨਾਲੋਂ ਬਹੁਤ ਵੱਖਰਾ ਹੈ। ਦੱਸਿਆ ਗਿਆ ਹੈ ਕਿ ਅੱਜ ਤੱਕ ਐਸਪੀਐਸ ਕੋਲ 300 ਦੇ ਕਰੀਬ ਅਫਸਰ ਅਤੇ 50 ਤੋਂ ਵੱਧ ਸਿਵਲ ਕਰਮਚਾਰੀ ਹਨ ਅਤੇ ਉਨ੍ਹਾਂ ਨੇ 150 ਤੋਂ ਵੱਧ ਪੁਲਿਸ ਅਫਸਰਾਂ ਨੂੰ ਸਰੀ ਵਿੱਚ ਫਰੰਟਲਾਈਨ 'ਤੇ 24/7 ਕੰਮ ਕਰਨ ਲਈ ਤੈਨਾਤ ਕੀਤਾ ਹੋਇਆ ਹੈ ਅਤੇ 35 ਹੋਰ ਅਫਸਰ ਨਵੰਬਰ ਵਿੱਚ ਉਨ੍ਹਾਂ ਨਾਲ ਸ਼ਾਮਲ ਹੋ ਰਹੇ ਹਨ। ਇਹ ਹੁਣ ਬ੍ਰਿਟਿਸ਼ ਕੋਲੰਬੀਆ ਵਿੱਚ ਦੂਜਾ ਸਭ ਤੋਂ ਵੱਡਾ ਮਿਉਂਸਪਲ ਪੁਲਿਸ ਵਿਭਾਗ ਹੈ। ਇਹ ਵੀ ਕਿਹਾ ਗਿਆ ਹੈ ਕਿ ਨਵੇਂ ਚੁਣੇ ਗਏ ਮੇਅਰ ਨੇ ਪੁਲਿਸਿੰਗ ਤਬਦੀਲੀ ਦੇ ਮੁੱਦੇ 'ਤੇ ਜੋ ਆਪਣੀ ਮਨਸ਼ਾ ਜ਼ਾਹਰ ਕੀਤੀ ਹੈ ਉਹ ਇਸ ਬੋਰਡ ਦੇ ਸੂਬਾਈ ਆਦੇਸ਼ ਨਾਲ ਮੇਲ ਨਹੀਂ ਖਾਂਦੀ। ਬੋਰਡ ਦੀਆਂ ਮਾਸਿਕ ਮੀਟਿੰਗਾਂ ਦੌਰਾਨ ਵਿੱਤੀ ਸਥਿਤੀ ਬਾਰੇ ਸਭ ਕੁਝ ਪਾਰਦਰਸ਼ੀ ਰਿਹਾ ਹੈ ਅਤੇ ਬੋਰਡ ਮੇਅਰ ਅਤੇ ਕੌਂਸਲ ਨੂੰ ਅੱਜ ਤੱਕ ਦੀ ਤਬਦੀਲੀ, ਸਮੁੱਚੀ ਪ੍ਰਗਤੀ ਦੀ ਸੰਖੇਪ ਜਾਣਕਾਰੀ ਅਤੇ ਇੱਕ ਸੁਤੰਤਰ ਪੁਲਿਸ ਸੇਵਾ ਦੇ ਲਾਭ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਬੋਰਡ ਵੱਲੋਂ ਕੌਂਸਲ ਨੂੰ ਇਸ ਪ੍ਰੋਜੈਕਟ ਦੀਆਂ ਕੁਝ ਗੁੰਝਲਾਂ ਨੂੰ ਵੀ ਸਪੱਸ਼ਟ ਕਰਦਿਆਂ ਕਿਹਾ ਗਿਆ ਹੈ ਕਿ ਸਰੀ ਪੁਲਿਸ ਸਰਵਿਸ ਦੇ ਬੁਨਿਆਦੀ ਢਾਂਚੇ ਨੂੰ ਬਣਾਉਣ ਲਈ ਕੀਤੇ ਗਏ ਮਹੱਤਵਪੂਰਨ ਵਿੱਤੀ ਨਿਵੇਸ਼ ਹਨ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਆਰਸੀਐਮਪੀ ਤਕਨਾਲੋਜੀ ਦੇ ਅਨੁਕੂਲ ਨਹੀਂ ਹਨ। ਸਰੀ ਪੁਲਿਸ ਯੂਨੀਅਨ ਨਾਲ ਇੱਕ ਸਮੂਹਿਕ ਸਮਝੌਤੇ ਤਹਿਤ ਸਰੀ ਪੁਲਿਸ ਸਰਵਿਸ ਦੇ ਮੈਂਬਰਾਂ ਨੇ ਹੋਰਨਾਂ ਮਿਉਂਸਪਲ ਏਜੰਸੀਆਂ ਅਤੇ ਆਰਸੀਐਮਪੀ ਦੀਆਂ ਨੌਕਰੀਆਂ ਛੱਡ ਦਿੱਤੀਆਂ ਕਿਉਂਕਿ ਉਹ ਸਰੀ ਵਿੱਚ ਮਿਉਂਸਪਲ ਪੁਲਿਸ ਸੇਵਾ ਲਈ ਕੰਮ ਕਰਨਾ ਚਾਹੁੰਦੇ ਹਨ। 50 ਤੋਂ ਵੱਧ ਪੁਲਿਸ ਅਫਸਰ ਅਤੇ ਹੋਰ ਸਟਾਫ ਆਪਣੇ ਪਰਿਵਾਰਾਂ ਸਮੇਤ ਦੂਜੇ ਸੂਬਿਆਂ ਤੋਂ ਸਰੀ ਵਿਚ ਆ ਗਏ। ਬੋਰਡ ਵੱਲੋਂ ਕੌਂਸਿਲ ਦੇ ਅਧਿਕਾਰ ਖੇਤਰ ਵਾਲੀ ਪੁਲਿਸ ਬਣਨ ਲਈ ਸਾਰੀਆਂ ਸੂਬਾਈ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਪ੍ਰਗਤੀ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਗੱਲ ਵੀ ਕਹੀ ਗਈ ਹੈ ਅਤੇ ਉਮੀਦ ਕੀਤੀ ਗਈ ਹੈ ਕਿ ਨਵੇਂ ਚੁਣੇ ਗਏ ਮੇਅਰ ਅਤੇ ਕੌਂਸਲ ਨਾਲ ਬੋਰਡ ਦੇ ਵਿਚਾਰ ਵਟਾਂਦਰੇ ਅਤੇ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਇਸ ਸੰਬੰਧੀ ਕੋਈ ਅੰਤਿਮ ਫੈਸਲਾ ਲੈਣ ਦੇ ਸਮੇਂ ਦੌਰਾਨ ਸਰੀ ਪੁਲਿਸ ਸਰਵਿਸ ਨੂੰ ਅੱਗੇ ਵਧਾਉਣ ਦਾ ਕਾਰਜ ਜਾਰੀ ਰਹੇਗਾ ਅਤੇ ਇਸ ਮਾਮਲੇ ਦਾ ਸਮੇਂ ਸਿਰ ਹੱਲ ਹੋਵੇਗਾ। ਬੋਰਡ ਨੇ ਵਿਸ਼ਵਾਸ ਜ਼ਾਹਰ ਕੀਤਾ ਹੈ ਕਿ ਸਰੀ ਪੁਲਿਸ ਸਰਵਿਸ ਸਰੀ ਦੇ ਭਵਿੱਖ ਲਈ ਸਰਵੋਤਮ ਜਨਤਕ ਸੁਰੱਖਿਆ ਫੈਸਲਾ ਹੈ ਕਿਉਂਕਿ ਸਰੀ ਸ਼ਹਿਰ ਲਗਾਤਾਰ ਵਧ ਰਿਹਾ ਹੈ। ਕੌਂਸਿਲ ਪਰਿਵਰਤਨ ਦੇ ਇਸ ਸਮੇਂ ਦੌਰਾਨ ਆਪਣੀ ਪੂਰੀ ਟੀਮ ਵੱਲੋਂ ਦਿਖਾਏ ਗਏ ਧੀਰਜ ਅਤੇ ਲਗਨ ਲਈ ਧੰਨਵਾਦ ਕਰਦਿਆਂ ਬੋਰਡ ਵੱਲੋਂ ਇਸ ਸਮੇਂ ਦੌਰਾਨ ਲਗਾਤਾਰ ਸਮਰਥਨ ਦੇਣ ਲਈ ਸੂਬਾਈ ਅਤੇ ਸੰਘੀ ਸਰਕਾਰਾਂ ਦਾ ਵੀ ਧੰਨਵਾਦ ਕੀਤਾ ਹੈ ਅਤੇ ਕਿਹਾ ਹੈ ਕਿ ਬੋਰਡ ਦੇ ਮੈਂਬਰ ਸਮਝਦੇ ਹਨ ਕਿ ਪੁਲਿਸ ਤਬਦੀਲੀ ਦਾ ਫੈਸਲਾ ਬਹੁਤ ਸੋਚ ਵਿਚਾਰ ਉਪਰੰਤ ਲਿਆ ਗਿਆ ਸੀ ਅਤੇ ਇਸ ਫੈਸਲੇ ਵਿਚ ਕਿਤੇ ਨਹੀਂ ਕਿਹਾ ਗਿਆ ਕਿ ਮਿਉਂਸਪਲ ਲੀਡਰਸ਼ਿਪ ਬਦਲਣ ਨਾਲ ਪੁਲਿਸ ਤਬਦੀਲੀ ਨੂੰ ਵਾਪਸ ਲੈਣ ਜਾਂ ਮੁੜ-ਮੁਲਾਂਕਣ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

NORTHCOAST LUMBER 1

CALL THE TRUE CONTRACTORS YARD TODAY

604-597-8884




*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks

14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com



## ਵਿਸ਼ਵ ਆਰਥਿਕ ਫੋਰਮ ਨਾਲ ਸਮਝੌਤੇ ਨੂੰ ਖਤਮ ਕਰੇਗੀ ਪ੍ਰੀਮੀਅਰ ਡੈਨੀਅਲ ਸਮਿਥ

ਐਡਮਿੰਟਨ-ਅਲਬਰਟਾ ਦੀ ਪ੍ਰੀਮੀਅਰ ਡੈਨੀਲ ਸਮਿਥ ਨੇ ਕਿਹਾ ਕਿ ਉਹ ਵਿਸ਼ਵ ਆਰਥਿਕ ਫੋਰਮ ਦੀ ਸ਼ਮੂਲੀਅਤ ਵਾਲੇ ਸਿਹਤ ਸਲਾਹ ਸਮਝੌਤੇ ਨੂੰ ਰੱਦ ਕਰ ਰਹੀ ਹੈ ਕਿਉਂਕਿ ਉਹ ਉਸ ਗਰੁੱਪ ਨਾਲ ਕੰਮ ਨਹੀਂ ਕਰੇਗੀ ਜਿਹੜਾ ਸਰਕਾਰਾਂ 'ਤੇ ਕੰਟਰੋਲ ਕਰਨ ਦੀ ਗੱਲ ਕਰਦਾ ਹੈ। ਆਪਣੇ ਨਵੇਂ ਮੰਤਰੀ ਮੰਡਲ ਦੇ ਸਹੁੰ ਚੁੱਕਣ ਪਿੱਛੋਂ ਇਕ ਪ੍ਰੈਸ ਕਾਨਫਰੰਸ ਵਿਚ ਸਮਿਥ ਨੇ ਕਿਹਾ ਕਿ ਉਸ ਨੂੰ ਉਸ ਸਮੇਂ ਤਕਲੀਫ ਹੁੰਦੀ ਹੈ ਜਦੋਂ ਅਰਬਪਤੀ ਇਸ ਗੱਲ ਦੀ ਸ਼ੇਖੀ ਮਾਰਦੇ ਹਨ ਕਿ ਉਨ੍ਹਾਂ ਦਾ ਰਾਜਸੀ ਨੇਤਾਵਾਂ 'ਤੇ ਕਿੰਨਾ ਕੰਟਰੋਲ ਹੈ। ਇਹ ਅਪਮਾਨਜਨਕ ਹੈ, ਉਨ੍ਹਾਂ ਲੋਕਾਂ ਨੂੰ ਹੀ ਸਰਕਾਰ ਦਾ ਨਿਰਦੇਸ਼ਨ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਵੋਟ ਦਿੱਤੀ ਹੈ। ਬਿਲਕੁਲ ਸਪਸ਼ਟ ਰੂਪ ਵਿਚ ਜਦੋਂ ਤਕ ਸੰਗਠਨ ਰਾਜਸੀ ਨੇਤਾਵਾਂ ਨੂੰ ਕੰਟਰੋਲ ਕਰਨ ਬਾਰੇ ਸ਼ੇਖੀ ਮਾਰਨੀ ਬੰਦ ਨਹੀਂ ਕਰਦਾ ਉਦੋਂ ਤਕ ਉਸ ਨਾਲ ਮੇਲਜੋਲ ਰੱਖਣ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ।

# ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਦੀ ਅਗਵਾਈ ਹੇਠ 27 ਮੈਂਬਰੀ ਨਵੇਂ ਮੰਤਰੀ ਮੰਡਲ ਦਾ ਗਠਨ

**• ਟ੍ਰੈਵਿਸ ਵਿੱਤ, ਬਰਾਇਨ ਜੀਨ ਰੋਜ਼ਗਾਰ ਤੇ ਰਾਜਨ ਸਾਹਨੀ ਵਪਾਰ ਤੇ ਇਮੀਗ੍ਰੇਸ਼ਨ ਮੰਤਰੀ ਬਣੇ • 11 ਸੰਸਦੀ ਸਕੱਤਰ ਵੀ ਬਣਾਏ**

ਐਡਮਿੰਟਨ-ਪ੍ਰੀਮੀਅਰ ਡੈਨੀਅਲ ਸਮਿਥ ਨੇ ਐਲਾਨ ਕੀਤਾ ਕਿ ਉਸ ਦੀ ਸਰਕਾਰ ਦੇ ਉਪਰਲੇ ਪੱਧਰ ਦਾ ਮੁਖੀ ਕੌਣ ਹੋਵੇਗਾ। ਉਸ ਨੇ 27 ਮੈਂਬਰੀ ਕੈਬਨਿਟ ਦਾ ਗਠਨ ਕੀਤਾ ਜਿਨ੍ਹਾਂ ਦੀ 11 ਸੰਸਦੀ ਸਕੱਤਰ ਸਹਾਇਤਾ ਕਰਨਗੇ। ਇਸ ਮਹੀਨੇ ਦੇ ਸ਼ੁਰੂ ਵਿਚ ਜੈਸਨ ਕੈਨੀ ਦੀ ਥਾਂ ਲੈਣ ਲਈ ਪਾਰਟੀ ਨੇਤਾ ਅਤੇ ਪ੍ਰੀਮੀਅਰ ਵਜੋਂ ਸਮਿਥ ਨੇ ਲੀਡਰਸ਼ਿਪ ਦੌੜ ਵਿਚ 6 ਵਿਰੋਧੀਆਂ ਨੂੰ ਹਰਾਇਆ ਸੀ। ਮੰਤਰੀ ਤੇ ਸੰਸਦੀ ਸਕੱਤਰ ਸਮੁੱਚੀ ਗਵਰਨਿੰਗ ਯੂਨਾਈਟਡ ਕੰਸਰਵੇਟਿਵ ਪਾਰਟੀ ਕੌਕਸ ਦੇ ਦੋ ਤਿਹਾਈ ਦੇ ਨੇੜੇ ਤੇੜੇ ਹਨ। ਹੁਣ ਸਟੇਟਸ ਆਫ ਵੂਮੈਨ ਮੰਤਰਾਲਾ ਨਹੀਂ ਹੋਵੇਗਾ। ਸਮਿਥ ਮੰਤਰੀ ਮੰਡਲ ਵਿਚ ਕੇਸੀ ਮੈਡੂ ਡਿਪਟੀ ਪ੍ਰੀਮੀਅਰ ਅਤੇ ਸਿਲਡ ਟਰੇਡਜ਼ ਤੇ ਪ੍ਰੋਫੈਸ਼ਨ ਮੰਤਰੀ ਹੋਣਗੇ। ਨਾਥਨ ਨਿਊਡੋਰਫ ਡਿਪਟੀ ਪ੍ਰੀਮੀਅਰ ਤੇ ਬੁਨਿਆਦੀ ਢਾਂਚਾ ਮੰਤਰੀ, ਟ੍ਰੈਵਿਸ ਟੋਵਜ਼ ਖ਼ਜ਼ਾਨਾ ਬੋਰਡ ਦੇ ਪ੍ਰਧਾਨ ਤੇ ਵਿੱਤ ਮੰਤਰੀ ਹੋਣਗੇ। ਬਰਾਇਨ ਜੀਨ ਨੂੰ ਨੌਕਰੀਆਂ, ਆਰਥਿਕਤਾ ਤੇ ਨੌਰਦਰਨ ਡਿਵੈਲਪਮੈਂਟ ਅਤੇ ਰਾਜਨ ਸਾਹਨੀ ਨੂੰ ਟਰੇਡ, ਇਮੀਗ੍ਰੇਸ਼ਨ ਤੇ ਬਹੁਸਭਿਆਚਾਰਕ ਮੰਤਰਾਲੇ ਦਾ ਕਾਰਜਭਾਰ ਸੌਂਪਿਆਂ ਗਿਆ ਹੈ। ਹੋਰ ਜਿਹੜੇ ਨੇਤਾਵਾਂ ਨੂੰ ਮੰਤਰੀ ਮੰਡਲ ਵਿਚ ਥਾਂ ਦਿੱਤੀ ਗਈ ਉਨ੍ਹਾਂ ਵਿਚ ਟਾਇਲਰ ਸ਼ੈਂਡਰੋ, ਜੈਸਨ ਕੋਪਿੰਗ, ਪੀਟ ਗੁਥੀਰ , ਸੋਨੀਆ ਸੈਵੇਜ, ਨੈਟ ਗਲੂਬਿਸ਼, ਮੈਟ ਜੋਨਸ, ਰੇਥਾਕਾ ਸ਼ੁਲਜ਼, ਡੇਵਿਨ ਡਰੀਸ਼ਨ, ਮਾਈਕ ਐਲਿਸ, ਨੇਟ ਹੌਰਨਰ, ਟੋਡ ਲੋਈਵੇਨ, ਰਾਜਨ ਸਾਹਨੀ. ਐਡਰੀਆਨਾ ਲਾਗਰੇਂਜ, ਡੀਮੇਟਰੋਇਸ ਨਿਕੋਲੇਡਸ, ਡੇਲ ਨੈਲੀ, ਰਿਕ ਵਿਲਸਨ, ਜੇਰਮੀ ਨਿਕਸਨ, ਮਿਕੀ ਅਮੇਰੀ, ਨਿਕੋਲਸ ਮਿਲੀਕੇਨ ਅਤੇ ਜੈਸਨ ਲੁਆਨ ਸ਼ਾਮਿਲ ਹੈ।


AMA CONCRETE
Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472



J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates
Best Price

Sarbjit: 604.841.9849



SKY BLUE DRYWALL LTD.
Residential & Commercial



T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com







# ਗ਼ਜ਼ਲ ਮੰਚ ਦੀ ਸੁਰੀਲੀ ਸ਼ਾਮ ਨੇ ਸਰੀ ਦੇ ਸਾਹਿਤਕ ਹਲਕਿਆਂ ਵਿਚ ਇਕ ਨਵਾਂ ਇਤਿਹਾਸ ਰਚਿਆ

## ਸਰੋਤਿਆਂ ਨੇ ਕਵੀਆਂ ਦੇ ਕਲਾਮ ਅਤੇ ਸੂਫੀਆਨਾ ਗਾਇਕੀ ਨੂੰ ਰੂਹ ਨਾਲ ਮਾਣਿਆ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਸਰੀ ਆਰਟ ਸੈਂਟਰ ਵਿਚ ਕਰਵਾਈ ਕਾਵਿਮਈ ਸੁਰੀਲੀ ਸ਼ਾਮ ਨੇ ਸਰੀ ਦੇ ਸਾਹਿਤਕ ਹਲਕਿਆਂ ਵਿਚ ਇਕ ਨਵਾਂ ਮੀਲ ਪੱਥਰ ਸਥਾਪਿਤ ਕਰਨ ਵਿਚ ਸਫਲਤਾ ਹਾਸਲ ਕੀਤੀ। ਤਿੰਨ ਸੌ ਦੇ ਕਰੀਬ ਸਾਹਿਤਕ ਪ੍ਰੇਮੀਆਂ ਨੇ ਇਸ ਸ਼ਾਮ ਵਿਚ ਸ਼ਾਮਲ ਹੋ ਕੇ ਕਵੀਆਂ ਦੇ ਕਲਾਮ ਅਤੇ ਸੂਫੀਆਨਾ ਗਾਇਕੀ ਨੂੰ ਰੂਹ ਨਾਲ ਮਾਣਿਆਂ ਅਤੇ ਤਾੜੀਆਂ ਨਾਲ ਭਰਪੂਰ ਦਾਦ ਦਿੰਦਿਆਂ





ਸਾਬਤ ਕਰ ਦਿੱਤਾ ਹੈ ਕਿ ਸੰਜੀਦਾ ਸ਼ਾਇਰੀ ਅਤੇ ਸੰਜੀਦਾ ਗਾਇਕੀ ਦੇ ਕਦਰਦਾਨ ਸਰੀ ਵਿਚ ਵੀ ਵਸਦੇ ਹਨ। ਇਸ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਆਏ ਨਾਮਵਰ ਸ਼ਾਇਰ ਕੁਲਵਿੰਦਰ, ਡਾ. ਅਮਰਜੀਤ ਭੁੱਲਰ, ਭੁਪਿੰਦਰ ਮੱਲ੍ਹੀ, ਨਰਿੰਦਰ ਭਾਗੀ ਅਤੇ ਦਸਮੇਸ਼ ਗਿੱਲ ਫਿਰੋਜ਼ ਨੇ ਕੀਤੀ। ਮੰਚ ਵੱਲੋਂ ਰਾਜਵੰਤ ਰਾਜ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਸੁਰੀਲੀ ਸ਼ਾਮ ਦੇ ਆਗਾਜ਼ ਲਈ ਪ੍ਰੋ. ਸ਼ਰਨਦੀਪ ਕੌਰ ਨੂੰ ਸਰੋਤਿਆਂ ਦੇ ਰੂਬਰੂ ਕੀਤਾ। ਸ਼ਰਨਦੀਪ ਕੌਰ ਨੇ ਆਪਣੀ ਖੂਬਸੂਰਤ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਤੇ ਨੰਦ ਲਾਲ ਨੂਰਪੁਰੀ ਦੇ ਗੀਤਾਂ ਨੂੰ ਆਪਣੇ ਸੁਰ ਦਿੱਤੇ ਅਤੇ ਵਾਰਿਸ ਦੀ ਹੀਰ ਨੂੰ ਪਿਆਰੀ ਆਵਾਜ਼ ਅਤੇ ਅੰਦਾਜ਼ ਵਿਚ ਪੇਸ਼ ਕਰਕੇ ਸੁਰੀਲੀ ਸ਼ਾਮ ਦੀ ਖੁਸ਼ਬੂ ਨਾਲ ਸਮੁੱਚਾ ਹਾਲ ਮਹਿਕਾਅ ਦਿੱਤਾ। ਕੈਲੀਫੋਰਨੀਆ ਤੋਂ ਆਏ ਨਾਮਵਰ ਸੂਫੀਆਨਾ ਗਾਇਕ ਸੁਖਦੇਵ ਸਾਹਿਲ ਨੇ ਬੁੱਲ੍ਹੇ ਸ਼ਾਹ ਦੇ ਕਲਾਮ ਨਾਲ ਸ਼ੁਰੂਆਤ ਕੀਤੀ ਅਤੇ ਫਿਰ ਗ਼ਜ਼ਲਾਂ, ਗੀਤ, ਟੱਪੇ ਅਤੇ ਛੱਲਾ ਆਪਣੇ ਨਿਵੇਕਲੇ ਅੰਦਾਜ਼ ਵਿਚ ਗਾ ਕੇ ਆਪਣੀ ਕਲਾਸਿਕ ਗਾਇਕੀ ਦਾ ਬਿਹਰਤੀਨ ਪ੍ਰਦਰਸ਼ਨ ਕੀਤਾ ਅਤੇ ਸਰੋਤਿਆਂ ਵੱਲੋਂ ਖੂਬ ਦਾਦ ਹਾਸਲ ਕੀਤੀ। ਉਪਰੰਤ ਕਵੀਆਂ ਵੱਲੋਂ ਸੁਰੀਲੀ ਸ਼ਾਮ ਨੂੰ ਅੱਗੇ ਤੋਰਿਆ ਅਤੇ ਪੰਜਾਬੀ ਗ਼ਜ਼ਲ ਦੇ ਵੱਖ ਵੱਖ ਰੰਗ ਪੇਸ਼ ਕਰਦਿਆਂ ਅਜੋਕੀ ਪੰਜਾਬੀ ਗ਼ਜ਼ਲ ਦੇ ਦਰਸ਼ਨ ਕਰਵਾਏ। ਇਸ ਦੀ ਸ਼ੁਰੂਆਤ ਨਰਿੰਦਰ ਭਾਗੀ ਨੇ ਤਰੰਨੁਮ ਵਿਚ ਦੋ ਗ਼ਜ਼ਲਾਂ ਗਾ ਕੇ ਕੀਤੀ। ਫਿਰ ਜਸਵਿੰਦਰ, ਕੁਲਵਿੰਦਰ, ਕ੍ਰਿਸ਼ਨ ਭਨੋਟ, ਦਸਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਗੁਰਮੀਤ ਸਿੱਧੂ, ਬਲਦੇਵ ਸੀਹਰਾ, ਡਾ. ਰਣਦੀਪ ਮਲਹੋਤਰਾ ਅਤੇ ਬਿੰਦੂ ਮਠਾੜੂ ਨੇ ਆਪੋ ਆਪਣੇ ਖੂਬਸੂਰਤ ਕਲਾਮ ਨਾਲ ਦਿਲਕਸ਼ ਕਾਵਿਕ ਮਾਹੌਲ ਸਿਰਜਿਆ। ਪ੍ਰੋਗਰਾਮ ਦੀ ਖੂਬਸੂਰਤੀ ਇਹ ਰਹੀ ਕਿ ਸਰੋਤਿਆਂ ਨੇ ਲੱਗਭੱਗ ਪੰਜ ਘੰਟੇ ਚੱਲੇ ਗਾਇਨ ਅਤੇ ਸ਼ਾਇਰੀ ਦੇ ਪ੍ਰਵਾਹ ਵਿਚ ਖੂਬ ਤਾਰੀਆਂ ਲਾਈਆਂ ਅਤੇ ਗੰਭੀਰ ਸ਼ਾਇਰੀ ਨੂੰ ਵੀ ਤਾੜੀਆਂ ਨਾਲ ਪਿਆਰ ਸਤਿਕਾਰ ਦਿੱਤਾ। ਸ਼ਾਇਰੀ ਦੇ ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਮੀਰਾ ਗਿੱਲ ਨੇ ਆਪਣੀ ਪਿਆਰੀ ਆਵਾਜ਼ ਅਤੇ ਦਿਲਕਸ਼ ਅੰਦਾਜ਼ ਨਾਲ ਸ਼ਾਇਰਾਂ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਅਤੇ ਉਨ੍ਹਾਂ ਦੀ ਆਪਸੀ ਸਾਂਝ ਨੂੰ ਦਿਲਚਸਪ ਬਣਾਈ ਰੱਖਿਆ। ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਉਦੇਸ਼ ਤੇ ਥੋੜ੍ਹੇ ਸਮੇਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸੁਰੀਲੀ ਸ਼ਾਮ ਨੂੰ ਭਰਵਾਂ ਹੁੰਗਾਰਾ ਅਤੇ ਸਹਿਯੋਗ ਦੇਣ ਵਾਲੇ ਸਾਰੇ ਮਹਿਮਾਨਾਂ, ਕਵੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਅੱਜ ਦੀ ਇਸ ਸ਼ਾਮ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਹੈ ਅਤੇ ਇਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬੀ ਗ਼ਜ਼ਲ ਦਾ ਰੁਤਬਾ ਹੁਣ ਉਰਦੂ ਗ਼ਜ਼ਲ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ। ਗਰੇਟਰ ਵੈਨਕੂਵਰ ਦੇ ਸੱਭਿਆਚਾਰ, ਸਮਾਜਿਕ ਅਤੇ ਕਾਰੋਬਾਰੀ ਖੇਤਰ ਦੀ ਜਾਣੀ ਪਛਾਣੀ ਸ਼ਖ਼ਸੀਅਤ ਜੇ. ਮਿਨਹਾਸ ਸਮੁੱਚੇ ਪ੍ਰੋਗਰਾਮ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਗ਼ਜ਼ਲ ਮੰਚ ਸਰੀ ਦਾ ਅਗਲਾ ਸਮਾਗਮ ਆਪਣੇ ਵੱਲੋਂ ਸਪਾਂਸਰ ਕਰਨ ਅਤੇ ਆਪਣੇ ਰਿਫਲੈਕਸ਼ਨ ਬੈਂਕੁਇਟ ਹਾਲ ਵਿਚ ਕਰਵਾਉਣ ਦਾ ਐਲਾਨ ਕੀਤਾ। ਸੁਰੀਲੀ ਸ਼ਾਮ ਦੀ ਪ੍ਰਧਾਨਗੀ ਕਰ ਰਹੇ ਡਾ. ਅਮਰਜੀਤ ਭੁੱਲਰ ਅਤੇ ਭੁਪਿੰਦਰ ਮੱਲ੍ਹੀ ਨੇ ਇਹ ਖੂਬਸੂਰਤ ਗ਼ਜ਼ਲ ਮਹਿਫ਼ਿਲ ਸਜਾਉਣ ਲਈ ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਦਾ ਧੰਨਵਾਦ ਕੀਤਾ ਅਤੇ ਸੁਹਿਰਦ ਸਰੋਤਿਆਂ ਦੀ ਤਾਰੀਫ਼ ਕੀਤੀ। ਇਸ ਮੌਕੇ ਮੰਚ ਵੱਲੋਂ ਮਹਿਮਾਨ ਕਲਾਕਾਰਾਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਤੇ ਡਾ. ਪ੍ਰਿਥੀਪਾਲ ਸਿੰਘ ਸੋਹੀ, ਮੋਹਨ ਗਿੱਲ, ਜਰਨੈਲ ਸਿੰਘ ਆਰਟਿਸਟ, ਜਰਨੈਲ ਸਿੰਘ ਸੇਖਾ ਅਤੇ ਹੋਰ ਕਈ ਸਰੋਤਿਆਂ ਦਾ ਕਹਿਣਾ ਸੀ ਕਿ ਗ਼ਜ਼ਲ ਮੰਚ ਸਰੀ ਨੇ ਇਹ ਖੂਬਸੂਰਤ ਕਾਵਿਕ ਸ਼ਾਮ ਦਾ ਪ੍ਰਬੰਧ ਕਰਕੇ ਸਰੀ ਦੇ ਸਾਹਿਤਕ ਹਲਕਿਆਂ ਵਿਚ ਨਵਾਂ ਇਤਿਹਾਸ ਰਚ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਰੇਟਰ ਵੈਨਕੂਵਰ ਦੇ ਇਤਿਹਾਸ ਵਿਚ ਪਹਿਲਾਂ ਕਦੇ ਏਨਾ ਵਿਸ਼ਾਲ, ਮਿਆਰੀ, ਸਾਰਥਿਕ ਅਤੇ ਸਫਲ ਸਾਹਿਤਕ ਪ੍ਰੋਗਰਾਮ ਨਹੀਂ ਹੋਇਆ।


ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8



# ਐਲਨ ਮਸਕ ਬਣੇ ਟਵਿਟਰ ਦੇ ਨਵੇਂ ਮਾਲਕ

ਨਿਊਯਾਰਕ-ਉਦਯੋਗਪਤੀ ਐਲੋਨ ਮਸਕ ਟਵਿੱਟਰ ਦੀ ਵਾਗਡੋਰ ਸੰਭਾਲਦੇ ਹੀ ਟਵਿੱਟਰ ਦੇ ਨਵੇਂ ਮਾਲਕ ਬਣ ਗਏ ਹਨ ਅਤੇ ਉਨ੍ਹਾਂ ਨੇ ਭਾਰਤੀ ਮੂਲ ਦੇ ਸੀਈਓ (ਮੁੱਖ ਕਾਰਜਕਾਰੀ) ਪਰਾਗ ਅਗਰਵਾਲ ਅਤੇ ਕਾਨੂੰਨੀ ਮਾਮਲਿਆਂ ਦੇ ਅਧਿਕਾਰੀ ਵਿਜੈ ਗੱਡੇ ਸਮੇਤ ਚਾਰ ਉੱਚ ਅਧਿਕਾਰੀਆਂ ਨੂੰ ਬਰਖਾਸਤ ਕਰ ਦਿੱਤਾ ਹੈ। ਨਿਊਯਾਰਕ ਟਾਈਮਜ਼ ਨੇ ਆਪਣੀ ਖ਼ਬਰ ਵਿੱਚ ਕਿਹਾ ਕਿ ਮਸਕ ਨੇ ਵੀਰਵਾਰ ਨੂੰ ਟਵਿੱਟਰ ਨੂੰ ਖਰੀਦਣ ਲਈ 44 ਅਰਬ ਅਮਰੀਕੀ ਡਾਲਰ ਦੇ ਸੌਦੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ।


MORTGAGE

Get Interest Rates as low as

4.18%*

5 YEARS VARIABLE CLOSED

*Conditions Apply. Rates subject to change without notice. Vald till 31 Aug., 22. It is for the Principal house.

GET CASH BACK UP TO $3000*



Superior Mortgage

Unit 244-8138-128 Street, Surrey

604 507 1000

Our Symbol of Care & Service



JOSAN REBAR & DAMPPROOFING LTD.

- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE

7 ਸਾਲ ਤੋਂ ਵੱਧ ਤਜ਼ਰਬਾ



- ਮੁਫਤ ਐਸਟੀਮੇਟ ਲਈ ਫੋਨ ਕਰੋ:

ਸੁਖਵਿੰਦਰ ਸਿੰਘ ਜੋਸਨ

604.250.1686

Email: sukhwinderjosan25@gmail.com


# ਦੀਪਿਕਾ ਪਾਦੂਕੋਨ ਦੇ ਵਿਆਹ ਤੋਂ ਬਾਅਦ ਰੁਝੇਵੇਂ ਵਧ ਗਏ

ਅਯਾਨ ਮੁਖ਼ਰਜੀ ਦੀ ਫ਼ਿਲਮ 'ਬ੍ਰਹਮਾਸ਼ਤ' ਵਿਚ ਰਣਬੀਰ ਕਪੂਰ ਅਤੇ ਆਲੀਆ ਭੱਟ ਮੁੱਖ ਭੂਮਿਕਾ ਵਿਚ ਸਨ। ਇਸ ਵਿਚ ਦੀਪਿਕਾ ਸਿਰਫ਼ ਇਕ ਕੈਮਿਓ ਵਿਚ ਸੀ। ਹਿੰਦੀ ਸਮੇਤ ਤਾਮਿਲ, ਤੇਲਗੂ, ਮਲਿਆਲਮ ਅਤੇ ਕੰਨੜ ਵਿਚ ਰਿਲੀਜ਼ ਕੀਤੀ ਗਈ ਇਸ ਫ਼ਿਲਮ ਨੇ ਆਖ਼ਰਕਾਰ ਆਪਣੀ ਲਾਗਤ ਕੱਢ ਕੇ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ 'ਬ੍ਰਹਮਾਸ਼ਤਰ' ਦੇ ਦੂਜੇ ਹਿੱਸੇ ਦੀ ਖ਼ਬਰ ਆਉਣ ਲੱਗੀ ਹੈ ਤੇ ਕਿਹਾ ਜਾ ਰਿਹਾ ਹੈ ਕਿ ਫ਼ਿਲਮ ਦੇ ਦੂਜੇ ਭਾਗ ਵਿਚ ਦੀਪਿਕਾ ਪਾਦੂਕੋਨ ਮੁੱਖ ਭੂਮਿਕਾ ਵਿਚ ਨਜ਼ਰ ਆ ਸਕਦੀ ਹੈ। ਰਣਵੀਰ ਸਿੰਘ ਨਾਲ ਵਿਆਹ ਤੋਂ ਬਾਅਦ ਵੀ ਦੀਪਿਕਾ ਦੇ ਆਕਰਸ਼ਣ ਵਿਚ ਜ਼ਰਾ ਵੀ ਗਿਰਾਵਟ ਨਹੀਂ ਆਈ ਹੈ। ਇਸ ਦਾ ਸਭ ਤੋਂ ਵੱਡਾ ਸਿੱਟਾ ਇਹ ਹੈ ਕਿ 2022 ਵਿਚ 'ਟਾਈਮ' ਵਲੋਂ 100 ਇੰਪੈਕਟ ਪੁਰਸਕਾਰਾਂ ਦੀ ਸੂਚੀ ਵਿਚ ਕਈ ਵਿਗਿਆਨਕਾਂ ਤੋਂ ਲੈ ਕੇ ਸੀ.ਈ.ਓ., ਕਲਾਕਾਰ ਅਤੇ ਐਕਟਵਿਸਟ, ਪੌਪ ਸਟਾਰਜ਼ ਅਤੇ ਰਾਜਨੀਤੀਵਾਨਾਂ ਦੇ ਨਾਲ ਅਦਾਕਾਰਾ ਦੀਪਿਕਾ ਦਾ ਨਾਂਅ ਵੀ ਸ਼ਾਮਿਲ ਕੀਤਾ ਗਿਆ ਸੀ। ਦੀਪਿਕਾ ਪਾਦੂਕੋਨ, 'ਟਾਈਮ' ਮੈਗਜ਼ੀਨ ਵਲੋਂ ਦੋ ਵਾਰ ਸਨਮਾਨਿਤ ਹੋਣ ਵਾਲੀ ਪਹਿਲੀ ਭਾਰਤੀ ਅਦਾਕਾਰਾ ਹੈ। ਕੁਝ ਸਾਲ ਪਹਿਲਾਂ 2018 ਵਿਚ ਸੁਪਰ ਸਟਾਰ ਟਾਈਮ ਵਿਚ ਉਹ ਦੁਨੀਆ ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਵਿਚ ਸ਼ਾਮਿਲ ਸੀ। ਉਹ ਨਿਕੋਲ ਕਿਡਮੈਨ, ਗੈਲ ਗੈਲੋਟ, ਗ੍ਰੇਟਾ ਗੇਰਵਿੰਗ ਅਤੇ ਲੀਨਾ ਬੇਟੇ ਵਰਗੀਆਂ ਨਾਮੀ ਹਸਤੀਆਂ ਦੇ ਨਾਲ ਇਸ ਸੂਚੀ ਵਿਚ ਸ਼ਾਮਿਲ ਹੋਣ ਵਾਲੀ ਇਕਮਾਤਰ ਭਾਰਤੀ ਅਦਾਕਾਰਾ ਹੈ।



ਦੀਪਿਕਾ ਪਾਦੂਕੋਨ ਮਧੂ ਮੰਟੇਨਾ ਨਾਲ ਮਿਲ ਕੇ ਇਕ ਫ਼ਿਲਮ ਬਣਾ ਰਹੀ ਹੈ ਜਿਸ ਵਿਚ ਮਹਾਭਾਰਤ ਦੀ ਕਹਾਣੀ ਨੂੰ ਦ੍ਰੋਪਦੀ ਦੇ ਨਜ਼ਰੀਏ ਨਾਲ ਪੇਸ਼ ਕੀਤਾ ਜਾਵੇਗਾ। ਖ਼ਬਰਾਂ ਵੱਲ ਦੇਖੀਏ ਤਾਂ ਦੀਪਿਕਾ ਇਸ ਫ਼ਿਲਮ ਵਿਚ ਖ਼ੁਦ ਦ੍ਰੋਪਦੀ ਬਣ ਰਹੀ ਹੈ। ਫ਼ਿਲਮ ਦੀ ਪ੍ਰੀ-ਪ੍ਰੋਡਕਸ਼ਨ ਦਾ ਕੰਮ ਚੱਲ ਰਿਹਾ ਹੈ। ਅਗਲੇ ਸਾਲ ਇਸ ਦੀ ਸ਼ੂਟਿੰਗ ਸ਼ੁਰੂ ਹੋ ਜਾਵੇਗੀ। ਫ਼ਿਲਮ ਵਿਚ ਸ੍ਰੀ ਕ੍ਰਿਸ਼ਨ ਦੇ ਕਿਰਦਾਰ ਲਈ ਰਿਤਿਕ ਰੌਸ਼ਨ ਦੇ ਨਾਂਅ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਫਿਲਹਾਲ ਦੀਪਿਕਾ ਸ਼ਾਹਰੁਖ ਖ਼ਾਨ ਨਾਲ 'ਪਠਾਨ' ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਇਸ ਤੋਂ ਇਲਾਵਾ ਉਹ ਰਿਤਿਕ ਦੀ ਫ਼ਿਲਮ 'ਫਾਈਟਰ' ਅਤੇ ਪ੍ਰਭਾਸ ਨਾਲ ਨਾਗ ਅਸ਼ਵਨੀ ਦੀ ਫ਼ਿਲਮ ਵੀ ਕਰ ਰਹੀ ਹੈ। 'ਸਰਕਸ' ਅਤੇ 'ਜਵਾਨ' ਵਿਚ ਵੀ ਦੀਪਿਕਾ ਦੇ ਕੈਮਿਓ ਹਨ। ਇਸ ਤੋਂ ਇਲਾਵਾ ਦੀਪਿਕਾ ਇਕ ਤੇਲਗੂ ਫ਼ਿਲਮ ਪ੍ਰੋਜੈਕਟ ਦੀ ਸ਼ੂਟਿੰਗ ਕਰ ਰਹੀ ਹੈ। ਆਪਣੇ ਪ੍ਰਸੰਸਕਾਂ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੀ ਚੰਗੀ ਦੀਵਾਲੀ ਦੀਆਂ ਕਾਮਨਾਵਾਂ ਕੀਤੀਆਂ।


ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

# ਮੱਲਿਕਾ ਸ਼ੇਰਾਵਤ ਨੇ 46 ਸਾਲ ਦੀ ਉਮਰ 'ਚ ਬਿਕਨੀ 'ਚ ਸ਼ੇਅਰ ਕੀਤੀ ਅਜਿਹੀ ਤਸਵੀਰ



# ਸੋਸ਼ਲ ਮੀਡੀਆ 'ਤੇ ਆਇਆ ਕਾਮੈਂਟਸ ਦਾ ਹੜ੍ਹ

ਨਵੀਂ ਦਿੱਲੀ-ਬਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਮੱਲਿਕਾ ਸ਼ੇਰਾਵਤ ਇੰਡਸਟਰੀ 'ਚ ਆਪਣੀ ਬੋਲਡਨੈੱਸ ਕਾਰਨ ਸੁਰਖੀਆਂ 'ਚ ਬਣੀ ਰਹਿੰਦੀ ਹੈ। ਮੱਲਿਕਾ ਨੂੰ ਬਾਲੀਵੁੱਡ ਦੀਆਂ ਹੌਟ ਬਿਊਟੀਜ਼ 'ਚ ਗਿਣਿਆ ਜਾਂਦਾ ਹੈ। ਅਦਾਕਾਰੀ ਦੇ ਨਾਲ-ਨਾਲ ਮੱਲਿਕਾ ਸੋਸ਼ਲ ਪਲੇਟਫਾਰਮ 'ਤੇ ਵੀ ਕਾਫੀ ਐਕਟਿਵ ਰਹਿੰਦੀ ਹੈ। ਉਹ ਅਕਸਰ ਆਪਣੀਆਂ ਹੌਟ ਅਤੇ ਬੋਲਡ ਤਸਵੀਰਾਂ ਰਾਹੀਂ ਪ੍ਰਸ਼ੰਸਕਾਂ ਨੂੰ ਦੀਵਾਨਾ ਬਣਾ ਦਿੰਦੀ ਹੈ। ਇਸ ਦੌਰਾਨ ਮੱਲਿਕਾ ਦੀ ਇਕ ਬਿਕਨੀ ਤਸਵੀਰ ਨੇ ਸਾਰਿਆਂ ਨੂੰ ਦੀਵਾਨਾ ਬਣਾ ਦਿੱਤਾ ਹੈ। ਯਕੀਨ ਨਹੀਂ ਆ ਰਿਹਾ ਤਾਂ ਮੱਲਿਕਾ ਦੀ ਇਹ ਤਸਵੀਰ ਖੁਦ ਹੀ ਦੇਖ ਲਓ...



## ਬਿਕਨੀ ਤਸਵੀਰ ਨੇ ਮਚਾਇਆ ਹੰਗਾਮਾ

ਮੱਲਿਕਾ ਸ਼ੇਰਾਵਤ ਨੇ ਇਸਟਾਗ੍ਰਾਮ 'ਤੇ ਆਪਣੀ ਇਕ ਤਾਜ਼ਾ ਤਸਵੀਰ ਪੋਸਟ ਕੀਤੀ ਹੈ। ਇਸ ਤਸਵੀਰ 'ਚ ਮੱਲਿਕਾ ਲਾਲ ਅਤੇ ਕਾਲੇ ਰੰਗ ਦੀ ਬਿਕਨੀ ਪਹਿਨ ਕੇ ਰੇਤ 'ਤੇ ਆਪਣਾ ਅੰਦਾਜ਼ ਫੈਲਾਉਂਦੀ ਨਜ਼ਰ ਆ ਰਹੀ ਹੈ। ਮੱਲਿਕਾ ਰੇਤ 'ਤੇ ਅਰਾਮ ਨਾਲ ਅੱਖਾਂ ਬੰਦ ਕਰਕੇ ਧੁੱਪ 'ਚ ਬੈਠੀ ਨਜ਼ਰ ਆ ਰਹੀ ਹੈ। ਇਸ ਦੌਰਾਨ ਉਸ ਦੇ ਵਾਲ ਖੁੱਲ੍ਹੇ ਰਹਿੰਦੇ ਹਨ। ਤਸਵੀਰ ਵਿੱਚ ਅਦਾਕਾਰਾ ਦਾ ਪ੍ਰਦਰਸ਼ਨ ਇੱਕ ਵਾਰ ਫਿਰ ਪ੍ਰਸ਼ੰਸਕਾਂ ਨੂੰ ਦੀਵਾਨਾ ਬਣਾ ਰਿਹਾ ਹੈ। ਇਸ ਤਸਵੀਰ 'ਚ ਮੱਲਿਕਾ ਦੀ ਬੋਲਡਨੈੱਸ ਦੇਖ ਕੇ ਹੀ ਕਮਾਲ ਹੋ ਰਹੀ ਹੈ। ਮੱਲਿਕਾ ਦੀ ਇਸ ਤਸਵੀਰ ਨੂੰ ਫੈਨਜ਼ ਕਾਫੀ ਪਸੰਦ ਕਰ ਰਹੇ ਹਨ। ਇਸ ਦੇ ਨਾਲ ਹੀ ਇਹ ਤਸਵੀਰ ਹੁਣ ਤੱਕ ਕਈ ਵਾਰ ਦੇਖੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਇਸ 'ਤੇ ਕਮੈਂਟ ਕਰਕੇ ਪ੍ਰਸ਼ੰਸਕ ਉਸ ਦੀ ਖ਼ੂਬ ਤਾਰੀਫ ਕਰਦੇ ਨਜ਼ਰ ਆ ਰਹੇ ਹਨ।

## ਮੱਲਿਕਾ ਸ਼ੇਰਾਵਤ ਦਾ ਵਰਕਫਰੰਟ

ਮੱਲਿਕਾ ਸ਼ੇਰਾਵਤ ਦੇ ਵਰਕਫਰੰਟ ਦੀ ਗੱਲ ਕਰੀਏ ਤਾਂ ਉਹ ਪਿਛਲੇ ਸਾਲ ਰਿਲੀਜ਼ ਹੋਈ ਵੈੱਬ ਸੀਰੀਜ਼ 'ਨਕਾਬ' 'ਚ ਨਜ਼ਰ ਆਈ ਸੀ। ਉਸਦੀ ਵੈੱਬ ਸੀਰੀਜ਼ ਐਮਐਕਸ ਪਲੇਅਰ 'ਤੇ ਰਿਲੀਜ਼ ਹੋਈ ਸੀ। ਮੱਲਿਕਾ ਇਸ ਵੈੱਬ ਸੀਰੀਜ਼ ਨੂੰ ਲੈ ਕੇ ਇਸ ਲਈ ਵੀ ਚਰਚਾ 'ਚ ਰਹੀ ਸੀ ਕਿਉਂਕਿ ਉਸ ਨੇ ਇਸ 'ਚ ਅਭਿਨੇਤਰੀ ਈਸ਼ਾ ਗੁਪਤਾ ਨਾਲ ਕੁਝ ਇੰਟੀਮੇਟ ਸੀਨ ਦਿੱਤੇ ਹਨ। ਤੁਹਾਨੂੰ ਦੱਸ ਦੇਈਏ ਕਿ ਜੇਕਰ ਮੱਲਿਕਾ ਨੂੰ ਸੋਸ਼ਲ ਮੀਡੀਆ ਕਵੀਨ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਇੰਸਟਾਗ੍ਰਾਮ 'ਤੇ ਉਸ ਦੇ 2 ਮਿਲੀਅਨ ਫਾਲੋਅਰਜ਼ ਹਨ। ਉਸ ਦੀ ਹਰ ਤਸਵੀਰ ਇੰਟਰਨੈੱਟ 'ਤੇ ਆਉਂਦੇ ਹੀ ਵਾਇਰਲ ਹੋ ਜਾਂਦੀ ਹੈ।

ਬੀ.ਸੀ. ਵਿੱਚ ਕੋਵਿਡ-19

ਆਈ.ਸੀ.ਯੂ ਵਿੱਚ ਮੈਂ ਕੋਵਿਡ ਦੇ ਕੁਝ ਸਭ ਤੋਂ ਭੈੜੇ ਮਾਮਲੇ ਦੇਖੇ ਹਨ।

ਐਨੀ ਕਿਮ
ਰਜਿਸਟਰਡ ਨਰਸ
ਕਲੀਨਿਕਲ ਇਨਫੋਰਮੈਟਿਕਸ

ਬੂਸਟਰ ਲਗਵਾਉਣ ਨਾਲ ਗੰਭੀਰ ਬਿਮਾਰੀ ਅਤੇ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਚਣ ਵਿੱਚ ਮਦਦ ਮਿਲਦੀ ਹੈ ਭਾਵੇਂ ਤੁਹਾਨੂੰ ਪਹਿਲਾਂ ਕੋਵਿਡ-19 ਹੋ ਚੁੱਕਿਆ ਹੈ। ਆਪਣਾ ਟੀਕਾਕਰਨ ਅਪ-ਟੂ-ਡੇਟ ਰੱਖੋ ਅਤੇ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਕਰਨ ਵਿੱਚ ਮਦਦ ਕਰੋ।



ਅੱਜ ਹੀ ਆਪਣਾ ਬੂਸਟਰ ਸ਼ਾਟ ਬੁੱਕ ਕਰੋ।
gov.bc.ca/boosters-PUN

BRITISH COLUMBIA


fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Yellow Medium Onions 50 lbs
ਪੀਲੇ ਗੰਢੇ
YELLOW ONION
Unbeatable Price
ਅੰਨਬੀਟਬਲ ਪ੍ਰਾਇਸ
$13.99 bag
EXTRA SUPER SUPER SPECIAL
Red Onions 25 lbs
ਲਾਲ ਗੰਢੇ
RED ONIONS
$13.99 bag
Russet Potatoes Snoboy 10lbs
ਆਲੂ ਰਸਟ ਸਨੋਬੁਆਏ
$3.88 bag
EXTRA SUPER SUPER SPECIAL
Cilantro
ਧਨੀਆ
2 bunches for $1.49
SUPER SPECIAL
BC Hot Long Chili Peppers
ਬੀਸੀ ਕੌੜੀਆਂ ਮਿਰਚਾਂ
$1.99 lb
Indian Eggplants
ਦੇਸੀ ਬਤਾਊਂ
$1.49 lb
SUPER SPECIAL
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
SUPER SPECIAL
Green Elaichi (Cardamom)
ਹਰੀ ਇਲਾਇਚੀ
$15.99 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb
SUPER SPECIAL
English Cucumber
ਇੰਗਲਿਸ਼ ਖੀਰੇ
99¢ ea.
SUPER SPECIAL
Sher Atta Desi Style 20 lbs
ਸ਼ੇਰ ਆਟਾ ਦੇਸੀ ਸਟਾਈਲ
$13.99 bag
Zucchini Squash
ਜ਼ੁਕੀਨੀ ਸਕੁਐਸ਼
88¢ lb
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ ( ਇੰਡੀਕੈਂਨ )
$3.88 bag
Green Cabbage
ਹਰੀ ਬੰਦ ਗੋਭੀ
69¢ lb
Long Eggplants
ਲੰਬੇ ਬਤਾਊਂ
$1.49 lb
Almonds
ਬਦਾਮ
$3.88 lb
BC Ambrosia Apples
ਬੀਸੀ ਅਮਬਰੋਜ਼ੀਆ ਸੇਬ
88¢ lb
Broccoli Crown BC
ਬਰੌਕਲੀ ਕਰਾਊਨ ਬੀਸੀ
$1.49 lb
Ashoka Cut Okra Frozen 908 gms
ਅਸ਼ੋਕਾ ਭਿੰਡੀ
$2.99 pkg.
Fri Oct 28, 2022 - Wed Nov 02, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office:7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ---- 604-598-9220
Scott Road ------ 12047 80th Ave. Surrey ---- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520